ਵਰਤਮਾਨ ਤੁਰਿਆ ਹੈ

(ਟ੍ਰਾਈਆਲੋਜੀ)

ਅਜਾਇਬ ਕਮਲ

ਅੰਮ੍ਰਿਤਾ ਪ੍ਰੀਤਮ ਦੇ ਨਾਂ!

ਤਰਤੀਬ

1. ਖਲਾਅ ‘ਚ ਲਟਕੇ ਮਨੁੱਖ
2. ਵਰਤਮਾਨ ਤੁਰਿਆ ਹੈ
3. ਚਾਣੱਕ ਅੰਨ੍ਹੇ ਹਨ

ਸਿਸੀਫਸ ਦੀ ਵਿਥਿਆ

ਅਜੋਕੇ ਲੇਖਕ ਦੀ ਵਿਥਿਆ ਸਰਾਪੇ ਹੋਏ ਸਿਸੀਫਸ ਦੀ ਵਿਥਿਆ ਹੈ ਜੋ ਪੱਥਰ ਤੇ ਪਹਾੜ ਦੇ ਸਦੀਵੀ ਸੰਘਰਸ਼ 'ਚ ਉਲਝਿਆ ਸਾਰੀ ਉਮਰ ਆਪਣੀ ਤਪਦੀ ਮਘਦੀ ਭੱਖਦੀ ਖ਼ੌਲਦੀ ਚੇਤਨਾ ਦਾ ਸਰਾਪ ਭੁਗਤਦਾ ਹੈ। ਲੇਖਕ ਸਿਸੀਫਸ ਬਣਿਆ ਸਰਾਪਿਆ ਰਹੇ, ਲਿਖਿਤ ਲਈ ਵਰਦਾਨ ਹੋਵੇਗਾ। ਲੇਖਕ ਪ੍ਰਤੀ ਉਪ੍ਰੋਕਤ ਕਥਨ ਦੁਆਰਾ ਮੇਰਾ ਭਾਵ ਸੈਡਿਸਟਾਂ ਵਾਲੀ ਪ੍ਰਸੰਨਤਾ ਲੈਣਾ ਨਹੀਂ ਅਤੇ ਨਾ ਹੀ ਅਜਿਹਾ ਸੋਚਣ ਕਰਨ ਦਾ ਇਰਾਦਾ ਹੈ, ਪਰ ਸੂਈ ਦੀ ਅੱਖ 'ਚੋਂ ਅੱਜ ਦੇ ਸਾਹਿਤਕਾਰ ਨੂੰ ਲੰਘਣਾ ਪੈ ਰਿਹਾ ਹੈ, ਉਹ ਸਿਸੀਫਸ ਦੀ ਹੋਣੀ ਤੋਂ ਕਿਸੇ ਤਰ੍ਹਾਂ ਵੀ ਘਟ ਨਹੀਂ।

ਅਜੋਕੇ ਸੁਤੰਤਰ ਲੇਖਨ ਦੇ ਰਾਹ ਵਿੱਚ ਕਈ ਔਕੜਾਂ ਹਨ- ਜਿਵੇਂ ਭੁੱਖ, ਬੇਰੁਜਗਾਰੀ, ਸਰਕਾਰੀ ਭਰਿਸ਼ਟਾਚਾਰ ਅਤੇ ਬਹੁਮੁਖੀ ਆਰਥਕ ਤੇ ਸਮਾਜਕ ਝੰਜਟ।ਲੇਖਕ ਦਾ ਫਰਜ ਹੈ, ਜਿੰਨਾਂ ਅੰਤਰ ਵਿਰੋਧੀ ਖਿੱਚਾਂ ਚ ਪਲ ਪਲ ਖੰਡਤ ਹੋ ਰਹੇ ਆਪੇ ਨੂੰ ਇੱਕਮੁੱਠ ਬਣਾਈ ਰੱਖਣ ਦੇ ਸੰਘਰਸ਼ 'ਚ ਜੁੱਟਿਆ, ਜੀਊਣ ਜੋਗੇ ਸਾਹਿਤ ਦੀ ਸਿਰਜਣਾ ਕਰਦਾ ਰਹੇ।ਉਸਦੀ 'ਕੰਵਰਸ਼ਨ' ਤੇ 'ਧਰਮ ਭਰਿਸ਼ਟਤਾ' ਲਈ ਲਾਲਾਚ ਤੇ ਤਲਵਾਰ ਦੋਵੇਂ ਅੰਗਰੇਜੀ ਹਥਿਆਰ ਮੌਜੂਦ ਹਨ। ਆਪਣੀਆ ਸਮੂਹ ਸ਼ਕਤੀਆਂ ਨੂੰ ਸੰਗਠਤ ਕਰ ਕੇ ਉਸ ਲਈ ਆਪਣਾ ਸੁਤੰਤਰ ਰਾਹ ਚੁਣਨ ਬਣਾਉਣ ਦੇ ਸੰਗਰਾਮੀ ਰਾਹ ਤੇ ਜੁੱਟੇ ਰਹਿਣਾ ਉਸਦਾ ਅਸਲ ਕਰਤੱਵ ਹੈ।

ਲੇਖਕ ਲਈ ਵਿਅਕਤੀ ਸੁਤੰਤਰਤਾ ਅਤੀ ਅਵੱਸ਼ਕ ਹੈ। ਸੁਤੰਤਰ ਬਿਰਤੀਆਂ ਦੇ ਧਾਰਨੀ ਲੇਖਕ ਹੀ ਸੁਤਤੰਤਰ ਪਰਵਿਰਤੀਆਂ ਵਾਲੀ ਲਿਖਤ ਦੀ ਸਿਰਜਣਾ ਕਰ ਸਕਦੇ ਹਨ, ਗੁਲਾਮ ਗ਼ਹਿਨੀਅਤ ਅਤੇ ਗਰੀਬੜੇ ਲੇਖਕ ਨਹੀਂ - ਸੁਤੰਤਰ ਲੇਖਕਾਂ, ਸਿਰਜਕਾਂ ਦੀ ਲੋੜ ਹੈ। ਸੁਤੰਤਰ ਲੇਖਕ ਤੇ ਲਿਖਤਾਂ ਹੀ ਸੁਤੰਤਰ ਸਮਾਜ ਸਿਰਜ ਸਕਦੀਆਂ ਹਨ। ਲੋੜ ਹੈ ਅਜੋਕੇ ਕਵੀਆਂ, ਕਥਾਕਾਰਾਂ, ਨਾਟਕਕਾਰਾਂ ਅਤੇ ਆਲੋਚਨਾ ਦੇ ਲਿਬਰੇਟ ਹੋਣ ਦੀ ਤੇ ਇਵੇਂ ਹੀ ਰਚੀ ਜਾ ਰਹੀ ਅਜੋਕੀ ਕਵਿਤਾ, ਕਹਾਣੀ, ਨਾਟਕ ਤੇ ਆਲੋਚਨਾ ਤੇ ਸਹੀ ਅਰਥਾਂ ਵਿੱਚ ਸੁਤੰਤਰ ਹੋਣ ਦੀ। ਗੈਰ -ਨਜ਼ਰੀ ਮਾਰੂ- ਨੁਕਤਾਚੀਨੀ, ਘਟੀਆ ਗੁੱਟਬਾਜ਼ੀ, ਆਲੋਚਨਾ ਦੇ ਘਿਸੇ ਪਿੱਟੇ ਮਾਪਦੰਡ ਕੰਸਪੀਰੇਸੀ ਆਫ ਸਾਈਲੈਂਸ ਤੇ ਲਾਮਬਮਦੀ ਵਰਗਾ ਕਠੋਰ ਸ਼ਸਤਰੀਕਰਣ' ਸੁਤੰਤਰਤਾ ਸਿਰਜਣਾ' ਲਈ ਭਰਿਸ਼ਟਾਚਾਰ ਦੇ ਅੰਗ ਹਨ।

ਪੰਜਾਬੀ ਸਾਹਿਤ ਦਾ ਬਾਬਾ ਆਲਮ ਕੁੱਝ ਵਧੇਰੇ ਨਿਰਾਲਾ ਹੈ। ਹੋਰ ਸਾਹਿਤਾਂ, ਫ਼ਲਸਫ਼ੀ ਖੇਤਰਾਂ ਵਿੱਚ ਕੋਈ ਨਵੀਂ ਗੱਲ ਕਹੇ, ਆਲੋਚਕ ਅਤੇ ਪਾਠਕ ਉਸਨੂੰ ਅਸਮਾਨ ਤੇ ਚੁੱਕ ਲੈਂਦੇ ਹਨ।ਉਸਦੀ ਰਚਨਾ ਨੂੰ ਸਾਹਿਤ ਲਈ 'ਨਵਾਂ ਸ਼ਗਨ' ਤੇ ਮੀਲ ਪੱਥਰ ਦਰਸਾਇਆ ਜਾਂਦਾ ਹੈ, ਪਰ ਪੰਜਾਬੀ ਵਿੱਚ ਨਵੀਂ ਛਪੀ ਲਿਖਤ ਦੇਖ ਕੇ ਤਾਂ ਵਿਚਾਰੇ ਪੰਜਾਬੀ ਆਲੋਚਕਾ ਨੂੰ ਦੰਦਲ ਪੈ ਜਾਂਦੀ ਹੈ।(ਇਸਦਾ ਦੋਸ਼ ਮੈਂ ਪਾਠਕਾਂ ਨੂੰ ਨਹੀਂ ਦੇਵਾਂਗਾ) ਅਜਿਹੇ ਆਲੋਚਕਾਂ ਨੂੰ ਆਪਣਾ ਕਬਾੜੀ- ਦੁਕਾਨਦਾਰਾਂ ਵਾਲਾ ਰੋਲ ਬਦਲਣਾ ਚਾਹੀਦਾ ਹੈ। ਨਵੀਂ ਕਵਿਤਾ ਦੇ ਆਰੰਭ ਤੋਂ ਹੁਣ ਤੱਕ ਜਾ ਇਉਂ ਕਹਿ ਲਵੋ, ਪਿਛਲੇ ਦਸ ਬਾਰਾਂ ਸਾਲਾ ਵਿੱਚ ਕਈ ਦਿਲਚਸਪ ਗੱਲਾਂ ਵੇਖਣ ਵਿੱਚ ਆਈਆਂ ਹਨ। ਪੁਰਾਣੇ ਆਲੋਚਕਾਂ ਵਲੋਂ ਨਵੀਂ ਕਵਿਤਾ ਤੇ ਕਈ ਦੂਸ਼ਨ ਲਗਾਏ ਗਏ- ਕਿਸੇ ਕਿਹਾ ਇਸ ਵਿੱਚ ਰੋਮਾਂਟਿਕ ਕਵਿਤਾ ਵਾਲਾ ਸਵਾਦ ਨਹੀਂ , ਕਿਸੇ ਕਿਹਾ ਇਹ ਤੁਕਬੰਦੀ ਦੀ ਕੈਦ ਵਿੱਚ ਕੈਦ ਨਹੀਂ ਇਸ ਵਿਚ ਲੈਅ ਤੇ ਸਵਾਦ ਨਹੀਂ;ਬਿਰਝੀ ਦੋਹਿਆਂ ਅਤੇ ਉਰਦੂ ਗ਼ਜ਼ਲ ਦੇ ਸ਼ਿਅਰਾਂ ਵਾਂਗ ਇਹ ਕੋਟ ਨਹੀਂ ਕੀਤੀ ਜਾ ਸਕਦੀ, ਇਸ ਵਿਚ ਸਦੀਵੀ ਸਚਿਆਈਆਂ ਨਹੀਂ, ਇਸ ਦੀ ਰੱਵਸ਼ ਬੇਰਾਹ ਕਵੀ ਵਾਲੀ ਹੈ, ਇਸ ਵਿੱਚ ਸਮਾਜਿਕ ਤੱਤ੍ਵ ਦਾ ਅਭਾਵ ਹੈ, ਆਦਿ।ਤੇਰਾਂ ਸਾਲਾ ਦੇ ਅਭਿਆਸ ਦੇ ਸਵੈ-ਆਲੋਚਨਾ ਦੇ ਬੋਧ ਤੋਂ ਬਾਦ ਮੈਂ ਸੋਚਦਾ ਹਾਂ ਕਿ ਨਵੀਂ ਕਵਿਤਾ ਤੇ ਲਗਾਏ ਦੂਸ਼ਨ ਕਿੰਨੇ ਥੋਥੇ ਤੇ ਅਰਥਹੀਣੇ ਸਨ। ਸੱਚਮੁੱਚ ਆਲੋਚਨਾ ਦਾ ਦਿਵਾਲਪਨ ਸੀ। ਪੈਦਾਇਸ਼ ਤੋਂ ਪਹਿਲਾ ਹੀ ਬੱਚੇ ਦੀ ਸ਼ਕਲ ਨੀਅਤ ਕਰਨ ਦੇ ਯਤਨ ਕੀਤੇ ਗਏ।

ਜਵਾਨ ਹੋਣ ਤੋਂ ਪਹਿਲਾ ਹੀ ਉਸਦੇ ਐਬਾਂ ਤੇ ਖ਼ਾਮੀਆਂ ਨੂੰ ਉਛਾਲਿਆ ਗਿਆ।ਤੇਰਾਂ ਸਾਲਾਂ ਬਾਅਦ ਵੀ ਪੰਜਾਬੀ ਆਲੋਚਨਾ ਦੀ ਅਜੀਬ ਸਥਿਤੀ ਹੈ।ਕੋਈ ਆਲੋਚਕ ਹਾਲੇ ਵੀ ਇਸ ਵਿੱਚ ਪਿੰਗਲ ਦੇ ਦੋਸ਼ ਕਢ ਰਿਹਾ ਹੈ।ਕੋਈ ਇਸ ਨੂੰ ਹਾਲੇ ਵੀ ਫ਼ਾਇਲਾਤਨ ਫ਼ਾਇਲਾਤਨ ਦੇ ਇੰਚੀਟੇਪ ਨਾਲ ਮਾਪ ਰਿਹਾ ਹੈ। ਕਿਸੇ ਦੀ ਪ੍ਰਗਤੀਵਾਦੀ ਕਸੌਟੀ ਤੇ ਜਾਂ ਤਾਂ ਸਾਰੀ ਨਵੀਂ ਕਵਿਤਾ ਪੂਰੀ ਨਹੀਂ ਉਤਰਦੀ ਜਾਂ ਸਿਆਣਪਵਾਦੀ ਤੇ ਅਸਤਿਤ੍ਵਵਾਦੀ ਬਣ ਜਾਂਦੀ ਹੈ। ਕਿਸੇ ਨੂੰ ਗ਼ਜ਼ਲ ਦੇ ਸੌ ਸਾਲ ਪੁਰਾਣੇ ਚਿੱਬੇ ਚਗ਼ਲੇ ਰੂਪਾਂ ਦੇ ਆਧਾਰ ਤੇ ਲਿਖੀ ਜਾਣ ਵਾਲੀ ਕਵਿਤਾ ਵਧੇਰੇ ਸਾਰਥਕ ਤੇ ਵਿਕਾਸਸ਼ੀਲ ਜਾਪਦੀ ਹੈ। ਕਈ ਇਸ ਪ੍ਰਤੀ ਹਾਲੇ ਵੀ ਕੰਸਪਰੇਸੀ ਆਫ਼ ਸਾਈਲੈਂਸ ਵਾਲਾ ਵਤੀਰਾ ਅਪਣਾ ਰਹੇ ਹਨ। ਇੱਕੋ ਸਮੇਂ ਗ਼ੁਲਾਮ ਤੇ ਸਾਮਰਾਜਵਾਦੀ ਦੋਹਰੀ ਰੁਚੀਆਂ ਦੇ ਸ਼ਿਕਾਰ ਅਜਿਹੇ ਆਲੋਚਕਾਂ ਦਾ ਕੀ ਕਰੀਏ! ਅਜਿਹੇ ਆਲੋਚਕਾਂ ਨੂੰ ਨਵੇਂ ਜ਼ਿਹਨ, ਨਵੀਆਂ ਸੋਚਾਂ, ਨਵੀਆ ਅੱਖਾਂ ਕਿਥੋਂ ਲਿਆ ਕੇ ਦਈਏ, ਜਿਸ ਨਾਲ ਇੰਨ੍ਹਾਂ ਨੂੰ ਕੁਝ ਨਵਾਂ, ਕੁਝ ਆਧੁਨਿਕ, ਜੈਨੁਅਨ ਸਾਰਥਕ ਤੇ ਵਿਕਾਸਸ਼ੀਲ ਨਜ਼ਰ ਆ ਸਕੇ। ਸਾਡੇ ਆਲੋਚਕ ਸਿਵੇ-ਪੂਜ ਹਨ। ਜੀਉਂਦੇ ਸਾਹਿਤਕਾਰਾਂ ਤੋਂ ਇਨ੍ਹਾਂ ਨੂੰ ਘਿਰਣਾ ਹੈ ਤੇ ਮੋਇਆਂ ਨਾਲ ਪਿਆਰ। ਇਹੋ ਹਾਲ ਵਿੱਦਿਅਕ ਸੰਸਥਾਵਾਂ ਤੇ ਸੰਪਰਦਾਏ ਦਾ ਹੈ। ਜੀਉਂਦੇ ਲੇਖਲ ਭੁੱਖ ਤੇ ਜ਼ਿਲਤ ਨਾਲ ਮਰ ਜਾਂਦੇ ਹਨ, ਪਰ ਮੋਇਆਂ ਤੇ ਉਨ੍ਹਾਂ ਦੀਆਂ ਮੜ੍ਹੀਆਂ ਪੂਜੀਆਂ ਜਾਂਦੀਆਂ ਹਨ। ਅਜਿਹੇ ਸਾਹਿਤ-ਰਖ਼ਸ਼ਕਾ ਵਲੋਂ ਉਨ੍ਹਾਂ ਦੇ ਪਰਿਵਾਰ ਨੂੰ ਮੰਗਤੇ ਸਮਝ ਕੇ ਠੂਠਿਆਂ 'ਚ ਖ਼ੈਰ ਪਾਈ ਜਾਂਦੀ ਹੈ ਤੇ ਯਤੀਮ ਸਮਝ ਕੇ ਬੱਚਿਆਂ ਨੂੰ ਵਜ਼ੀਫ਼ੇ ਦਿਤੇ ਜਾਂਦੇ ਹਨ (ਸ਼ਾਇਦ ਆਪਣੀ ਰਾਜਨੀਤਕ ਸਾਖ਼ ਮਜ਼ਬੂਤ ਕਰਨ ਲਈ)। ਅਜਿਹੀਆਂ ਕਬਰਪੂਜ ਸਰਕਾਰੀ ਤੇ ਵਿੱਦਿਅਕ ਸੰਸਥਾਵਾਂ ਤੋਂ ਘਿਰਣਾ ਤੇ ਅਜਿਹੀ ਸਹਾਨੁਭੂਤੀ ਤੋਂ ਮੈਨੂੰ ਨਫ਼ਰਤ ਹੈ। ਅਜਿਹੀ ਭਿੱਖਿਆ ਤੇ ਲੇਖਕਾ ਨੂੰ ਥੁੱਕਣਾ ਚਾਹੀਦਾ ਹੈ। ਸਾਹਿਤਕਾਰਾਂ ਦੇ ਪਰਿਵਾਰਾ ਦੇ ਨਾਲ ਮੰਗਤਿਆਂ ਵਾਲਾ ਵਿਵਹਾਰ ਕਿਸੇ ਤਰ੍ਹਾਂ ਉਚਿਤ ਨਹੀਂ। ਪਾਠਕ ਪਿਛੇ ਰਹਿ ਗਿਆ ਹੋਵੇ ਉਸ ਤੇ ਗਿਲਾ ਨਹੀਂ, ਪਰ ਆਲੋਚਕਾਂ ਤੇ ਹਾਕਮਾਂ ਨੂੰ ਆਪਣੇ ਨਿਰੰਕੁਸ਼ ਤੇ ਸਾਮਰਾਜੀ ਕਿਸਮ ਦੇ ਹਿਪਕ੍ਰੈਟਿਕ ਵਤੀਰੇ ਬਦਲਣ ਦੀ ਸ਼ੀਘਰ ਲੋੜ ਹੈ।

ਮੈਂ ਮੰਨਦਾ ਹਾਂ ਗਿਮਿਕ, ਹਮਬੱਗ, ਐਗਜ਼ਿਬਸ਼ਨਿਸਟ ਬਣ ਕੇ ਘਟੀਆ ਕਿਸਮ ਦੀ ਸਸਤੀ ਪਬਲਿਸਿਟੀ ਪ੍ਰਾਪਤ ਕਰਨ ਲਈ ਦੂਜਿਆਂ ਦੀ ਲੈੱਗ ਪੁਲਿੰਗ ਤੇ ਚਿੱਕੜ ਉਛਾਲੀ ਕਰਕੇ ਖ਼ੁਦ ਵਧਿਆ ਸਾਹਿਤਕਾਰ ਨਹੀਂ ਬਣਿਆ ਜਾ ਸਕਦਾ। ਇਹ ਨਿਪੁੰਸਕ-ਲੇਖਕਾਂ ਵਾਲਾ ਹਥਿਆਰ ਹੈ। ਸਾਹਿਤਕ ਦੁਸ਼ਮਣੀਆਂ ਵਿਚ ਵੀ ਗ੍ਰੇਸ ਹੋਣੀ ਚਾਹੀਦੀ ਹੈ। ਸਾਹਿਤ ਰਚਨਾ ਇਕ ਤਪ, ਇਕ ਯੋਗ, ਸਾਧਨਾ, ਇਸ਼ਕਬਾਜ਼ੀ ਤੇ ਮਲੰਗਪੁਣਾ ਹੈ। ਸਮਝੌਤਾਕਾਰ ਨਾ ਹੋ ਕੇ ਇਕ ਸੇਧੇ ਪਏ ਰਹਿਣਾ ਤੇ ਆਪਣੀ ਧੁਨ ਦਾ ਪੱਕਿਆ ਹੋਣਾ ਹੈ।

ਨਵੇਂ ਲੇਖਕ ਤੇ ਆਲੋਚਕ ਨੇ ਨਵੇਂ ਛਿਣਾਂ ਨਾਲ ਬਦਲਦੇ ਰਹਿਣਾ ਤੇ ਨਵੀਨਤ ਤੇ ਆਧੁਨਿਕਤਾ ਦਾ ਹਾਣੀ ਬਣੇ ਰਹਿਣਾ ਹੈ। ਇਸ ਅਪੋਲੋ ਤੇ ਖ਼ਲਾਈ ਚੰਦਰਯਾਨਾਂ ਦੇ ਯੁਗ 'ਚ ਅਤਿ ਤੀਖਣਤਾ ਨਾਲ ਬਦਲਦੀ ਜ਼ਿੰਦਗੀ ਨਾਲੋਂ ਟੁੱਟਾ ਸਾਹਿਤਕਾਰ ਕਬਾੜ ਖ਼ਾਨਿਆਂ ਦਾ ਸ਼ਿੰਗਾਰ ਬਣ ਕੇ ਰਹਿ ਜਾਵੇਗਾ। ਅਜੋਕੇ ਸਾਹਿਤਕਾਰ ਲਈ ਨਿਰੰਤਰ ਬਦਲਦੇ ਨਿੱਜੀ ਤੇ ਵਿਆਪਕ ਬੋਧ ਅਨੁਸਾਰ ਉੱਚਤਮ ਅਨੁਭਵ, ਇਨੋਵੇਸ਼ਨ, ਸਿਰਜਣ ਬੋਧ ਤੇ ਨਿਰੰਤਰ ਸਪਿਰਟ ਆਫ਼ ਇਨਕੁਆਰੀ ਦੀ ਲੋੜ ਹੈ।। ਮੈਨੂੰ ਅਮਰੀਕਨ ਗਲਪਕਾਰ ''ਫ਼ਿਲਪ ਰੌਥ'' ਦੀ ਲਿਖੀ ਕਹਾਣੀ ''ਦੀ ਕੰਵਰਸ਼ਨ ਆਫ ਜੀਉਜ਼'' ਦਾ ਬੱਚਾ ਪਾਤਰ ਯਾਦ ਆਉਂਦਾ ਹੈ ਜੋ ਹਜ਼ਰਤ ਈਸਾ ਨੂੰ ਰੱਬ ਦਾ ਪੁੱਤਰ ਮੰਨਣੋਂ ਮੁਨਕਰ ਹੁੰਦਾ ਹੈ। ਉਸਦੀ ਦਲੀਲ ਹੁੰਦੀ ਹੈ ਕਿ ਔਰਤ ਮਰਦ ਦੀ ਹਮਬਿਸਤਰੀ ਤੋਂ ਬਗ਼ੈਰ ਬੱਚਾ ਪੈਦਾ ਨਹੀਂ ਹੋ ਸਕਦਾ। ਨਿਰਾਕਾਰ ਔਰਤ ਨਾਲ ਹਮਬਿਸਤਰੀ ਹੀ ਨਹੀਂ ਕਰ ਸਕਦਾ। ਫਿਰ ਈਸਾ ਰੱਬ ਦਾ ਕਿਵੇਂ ਪੁੱਤਰ ਹੋਇਆ, ਅਜਿਹੀ ਦਲੀਲ ਨਵੇਂ ਸਾਹਿਤ ਦੀ ਰੀੜ੍ਹ ਦੀ ਹੱਡੀ ਹੈ।

ਮੁਆਫ਼ ਕਰਨਾ, ਹੱਥਲੀ ਪੁਸਤਕ ਦੇ ਪ੍ਰਸੰਗ ਵਿਚ ਕੁਝ ਕਹਿਣ ਦੀ ਬਜਾਏ ਮੈਂ ਕਿਧਰ ਦਾ ਕਿਧਰ ਚਲਾ ਗਿਆ। **ਵਰਤਮਾਨ ਤੁਰਿਅ ਹੈ** ਤਿੰਨ-ਲੜੀ ਪੁਸਤਕ ਹੈ। ਇਸ ਟ੍ਰਾਈਆਲੋਜੀ ਦੀ ਪਹਿਲੀ ਕੜੀ ''ਖ਼ਲਾਅ'ਚ ਲਟਕੇ ਮਨੁੱਖ'' ਮੈਂ, **1967 'ਚ ਲਿਖੀ ਸੀ।** ਦੂਜੀ ਕੜੀ ''ਵਰਤਮਾਨ ਤੁਰਿਆ ਹੈ''- **1969** ਵਿਚ ਤੇ ਤੀਜੀ ''ਚਾਣੱਕ ਅੰਨੇ ਹਨ''- **1973** ਤੇ ਸਭ ਤੋਂ ਅਖ਼ੀਰ ਵਿਚ। ਇਨ੍ਹਾਂ ਲੰਮੀਆਂ ਕਵਿਤਾਵਾਂ ਦੇ ਵਿਚਾਲੇ ਮੈਂ ਇੱਕਾ ਦੁੱਕਾ ਸਟਰੇ ਕਵਿਤਾਵਾਂ ਵੀ ਲਿਖਦਾ ਰਿਹਾ ਹਾਂ। ਅਤੇ **ਮੈਂ ਜੋ ਪੈਗੰਬਰ ਨਹੀਂ, ਵਿਦਰੋਹੀ ਪੀੜ੍ਹੀ** ਅਤੇ **ਉਲਾਰ ਨਸਲ –** ਤਿੰਨ ਵਖ ਵਖ ਕਾਵਿ ਵਿਧੀਆਂ ਨੂੰ ਅਪਣਾਇਆ ਹੈ। **ਖ਼ਲਾਅ 'ਚ ਲਟਕੇ ਮਨੁੱਖ** 'ਚ ਚਲ- ਚਿੱਤਰ (ਬਿਨਮੈਟਿਕ) ਕਾਵਿ ਪ੍ਰਬੰਧ ਵਾਲਾ ਪ੍ਰਯੋਗ ਪ੍ਰਬੰਧ ਪ੍ਰਸਤੁਤ ਹੈ। **ਵਰਤਮਾਨ ਤੁਰਿਆ ਹੈ** ਇਕ ਦਾਰਸ਼ਨਿਕ ਸਵੈ ਯਾਤਰਾ ਹੈ ਅਤੇ **ਚਾਣੱਕ ਅੰਨ੍ਹੇ ਹਨ** ਇਕ ਨਵੀਂ ਕਿਸਮ ਦਾ ਕਥਾ ਰਹਿਤ ਸੁਤੰਤਰੀ ਨਾਟਕੀ ਲਘੂ ਕਾਵਿ। ਪਹਿਲੀ ਸੈਂਚੀ 'ਚ ਅਜੋਕੀ ਦਿਸ਼ਾ ਰਹਿਤ, ਸੰਕਟ ਗ੍ਰਸਤ ਪੁਲਾੜੀ ਤੇ ਪ੍ਰਮਾਣੂ ਯੁੱਗ 'ਚ ਸੰਕਟ ਵਿੰਨ੍ਹੀ ਮਨੁੱਖੀ ਹੋਣੀ ਦਾ ਵਰਣਨ ਹੈ। ਇਥੇ ਮਨੁੱਖ ਸਾਰੇ ਮਨੁੱਖਾ ਦਾ ਪ੍ਰਤੀਕ ਅਤੇ ਨਗਰ ਸਾਰੇ ਵਿਸ਼ਵ ਦਾ। **''ਵਰਤਮਾਨ ਤੁਰਿਆ ਹੈ''** ਨਿੱਜੀ ਦਾਰਸ਼ਨਕ ਵਿਕਾਸ ਦਾ ਕਥਾ ਕਰਮ ਹੈ ਤੇ ਵਰਤਮਾਨ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਸੰਘਰਸ ਮਈ ਵਿਦਰੋਹ ਮਈ ''ਮਨੁੱਖੀ ਲਿਬਰੇਸ਼ਨ'' ਦੀ ਗਾਥਾ ਹੈ। **''ਚਾਣੱਕ ਅੰਨ੍ਹੇ**

ਹਨ'' ਵਿਅਕਤੀ ਦੇ ਆਤਮਕ ਸਮਾਜਕ ਤੇ ਅੰਤਰ- ਰਾਸ਼ਟਰੀ ਤਥਾ ਕਥੱਤ ਬੌਧਕ ਤੇ ਨਿਘਾਰ ਅਤੇ ਨਿਰੰਕੁਸ਼ ਸੱਤਾ ਤੇ ਭ੍ਰਿਸਟਾਚਾਰ ਦੀ ਦਲਦਲ 'ਚ ਗਲ ਤੀਕ ਧਸੀ ਨੀਤੀ ਵੇਤਾ ਸ਼੍ਰੇਣੀ ਦੇ ਆਂਤ੍ਰਿਕ ਤੇ ਬਾਹਰੀ ''ਪਸ਼ੂਵਾਦ'' ਦਾ ਚਲ ਚਿੱਤ੍ਰ ਹੈ। ਕਿਸੇ ਪਾਸੇ ਦੇਖ ਲਓ! ਹਰ ਪਾਸੇ ਭੁੱਖ, ਲੁੱਟ, ਧਿੰਗੋਜ਼ੋਰੀ, ਭ੍ਰਿਸ਼ਟਾਚਾਰ ਹਾਹਾਕਾਰ, ਅਸੰਤੋਸ਼ ਤੇ ਬੇਚੈਨੀ ਹੈ ਅਤੇ ਪਸ਼ੂ ਬਲ ਤੇ ਪਾਸ਼ਵਿਕ ਤੇ ਯੂਰਪੀਨ ਰੁਚੀਆਂ ਦੀ ਨੁੰਾਇਸ਼! ਭਾਰਤ ਦੀ ਤਾਂ ਗੱਲ ਹੀ ਛੱਡੋ, ਅਫ਼ਰੀਕਨ ਤੇ ਯੂਰਪੀਨ ਦੇਸ਼ਾਂ ਦੇ ਰਟਨ ਸਮੇਂ ਵੀ ਮੈਨੂੰ ਉਥੇ ਕਿਸੇ ਚਿਹਰੇ ਤੇ ਸੱਚੀ ਪ੍ਰਸੰਨਤਾ ਦੇ ਦਰਸ਼ਨ ਨਹੀਂ ਹੋਏ। ਭੁੱਖ ਗ਼ਰੀਬੀ ਤੇ ਭ੍ਰਿਸ਼ਟਾਚਾਰ ਦੇ ਸ਼ਿਕਾਰ ਹੋਏ ਚਿਹਰਿਆਂ ਤੋਂ ਤਾ ਇਹ ਪ੍ਰਭਾਵ ਮਿਲਣਾ ਕੁਦਰਤੀ ਹੈ, ਪਰ ਜਿੰਨ੍ਹਾਂ ਕੋਲ ਸਭ ਕੁਝ ਹੈ ਤੇ ਜੋ ਐਫ਼ਲੂਐਂਟ ਹੋਣ ਦਾ ਦਾਅਵਾ ਵੀ ਰੱਖਦੇ ਹਨ ਉਨ੍ਹਾਂ ਦੇ ਚਿਹਰਿਆ ਤੇ ਵੀ ਖੁਸੀ ਦਾ ਝਲਕਾਰਾ ਦਰਿਸ਼ਟੀ -ਗੋਚਰ ਨਹੀਂ ਹੋਇਆ। ਹਰ ਚਿਹਰੇ ਤੇ ਸਹਿਮ ਤੇ ਚਿੰਤਾ ਤੇ ਪ੍ਰਛਾਵੇਂ ਹੀ ਝੂਲਦੇ ਦੇਖੇ। ਇਹ ਯੁਗ ਜਿਵੇਂ ਉਦਾਸ ਤੇ ਬਿਮਾਰ ਨਸਲ ਦਾ ਯੁਗ ਹੋਵੇ। ਰਾਜਧਾਨੀਆਂ ਤੇ ਮੈਟਰੋਪੋਲਿਸਾਂ ਵਿਚ ਸਕਾਈ ਸਕ੍ਰੈਪਰ, ਭਰੇ ਬਾਜ਼ਾਰ, ਹੋਟਲ ਥੀਏਟਰ ਤੇ ਸੁਹਾਣੀਆਂ ਪਾਰਕਾਂ ਦੇਖਕੇ ਹੀ ਕਿਸੇ ਦੇਸ਼ ਦੀ ਅਮੀਰੀ ਅਤੇ ਖ਼ੁਸ਼ਹਾਲੀ ਦਾ ਅਨੁੰਾਨ ਨਹੀਂ ਲਗਾ ਲੈਣਾ ਚਾਹੀਦਾ ਸਗੋਂ ਅਲਪ ਤਹਿਆਂ ਹੇਠ ਉਤਰ ਕੇ ਅਸਲ ਜ਼ਿੰਦਗੀ ਦੇ ਦਰਸ਼ਨ ਕਰ ਤੇ ਕਰਾ ਸਕਣਾ ਲੇਖਕ ਦਾ ਕਰਤਵ ਬਣਦਾ ਹੈ। ਦੁਰ ਬੈਠੇ ਅਮਰੀਕਾ ਦੀ ਅੰਧ ਅਮੀਰੀ ਦਾ ਅੰਦਾਜ਼ਾ ਨਾ ਲਾਓ। ਉਥੇ ਜਨ ਸਮੂੰਹ 'ਚ ਪਸਰੀ ਗ਼ਰੀਬੀ ਤੇ ਉੱਚਤਮ ਵਰਗ 'ਚ ਪਸਰੇ ਭ੍ਰਿਸ਼ਟਾਚਾਰ ਤੇ ਆਂਤ੍ਰਿਕ ਬੇਚੈਨੀ ਨੂੰ ਵੀ ਘੋਖਣ ਦਾ ਯਤਨ ਕਰੋ। ''ਹਿੱਪੀ'' ਤੇ ''ਹੋਮੋ'' ਫ਼ੈਸ਼ਨ ਨਹੀਂ, ਕਿਸੇ ਘੋਰ ਸੰਕਟ ਦੀ ਉਪਜ ਹਨ। ਉਥੋਂ ਦੇ ਸਮਾਜ 'ਚ ਇਕ ਨਵੀਂ ਕਿਸਮ ਦਾ ''ਸ਼ੈਤਾਨ ਵਾਦ'' ਜਨਮ ਲੈ ਰਿਹਾ ਹੈ। ਮਸ਼ੀਨ ਤੇ ਪੂੰਜੀਵਾਦ ਦੇ ਸਿੰਗਾਂ ਤੇ ਉੱਸਰਿਆ ਵਸਤੀਵਾਦੀ ਯੂਰਪ ਹਾਲੇ ਦੋ ਮਹਾਂ ਯੁੱਧਾ ਦੇ ਸਰੀਰਕ, ਮਾਨਸਕ ਤੇ ਆਤਮਕ ਕੁਟਾਪੇ 'ਚੋਂ ਹੀ ਨਹੀਂ ਉਠ ਸਕਿਆ। ਅਫ਼ਰੀਕਾ 'ਚ ਅੰਨ੍ਹਾ ਸੱਤਾਵਾਦ ਕਿਸੇ ਵੀ ਸੁਤੰਤਰ ਵਿਚਾਰ ਨੂੰ ਪ੍ਰਫੁਲਤ ਨਹੀਂ ਹੋਣ ਦਿੰਦਾ। ਹਰ ਵਿਰੋਧਤਾ ਸੜਕ ਤੇ ਵਿਛੇ ਪੱਥਰਾਂ ਰੋੜਿਆ ਵਾਂਗ ਭਾਰੀ ਭਰਕਮ ਬੁਲਡੋਜ਼ਰਾਂ ਦੇ ਪਹੀਆਂ ਹੇਠ ਅਤਿ ਬੇਰਹਿਮੀ ਨਾਲ ਦਰੜ ਕੁਚਲ ਦਿਤੀ ਜਾਂਦੀ ਹੈ। ਪੰਜ ਸਾਲਾ ਪਲਾਨਾਂ ਨੇ ਤੇ ਭੇਖੀ ਸਮਾਜਵਾਦੀਆਂ ਨੇ ਭਾਰਤੀ ਜਨ ਸਮੂਹ ਦਾ ਕਿੰਨਾ ਕਾਇਆ ਕਲਪ ਕੀਤਾ ਹੈ, ਵਧ ਰਹੀ ਗ਼ਰੀਬੀ, ਭੁੱਖ, ਬੇਰੁਜ਼ਗਾਰੀ ਤੇ ਸਿਆਸੀ ਤੇ ਆਰਥਕ ਭ੍ਰਿਸ਼ਟਾਚਾਰ ਇਸਦਾ ਪਰਤੱਖ ਪਰਮਾਣ ਹਨ।

ਅਜੋਕੇ ਪਰਮਾਣੂ ਤੇ ਅਪੋਲੋ-ਯੁਗ ਚੇਤਨਾ ਦੇ ਸੰਦਰਭ 'ਚ ਜੋ ਹੱਥਲੀਆਂ ਕਵਿਤਾਵਾਂ ਵਿਅਕਤੀਗਤ, ਸਮਾਜਕ ਰਾਜਨੀਤਕ ਤੇ ਵਿਆਪਕ ਮਸਲਿਆਂ ਨਾਲ ਦੋ ਚਾਰ ਹੋਣ ਦਾ ਜੇ ਕੋਈ ਠੋਸ ਯਤਨ ਕਰ ਸਕੀ ਹੋਵੇ ਅਤੇ 'ਅਰਥ' ਤੇ ਸਿਰਜਣ ਵਿਧਾਨ ਪੱਖੋਂ ਪੰਜਾਬੀ ਕਵਿਤਾ ਨੂੰ ਨਵੇਂ 'ਅਰਥ' ਤੇ ਨਵੀਆਂ ਦਿਸ਼ਾਵਾਂ ਦੇ ਸਕੀਆਂ ਹੋਣ ਤਾਂ ਮੈਨੂੰ ਹਾਰਦਿਕ ਪ੍ਰਸੰਨਤਾ ਹੋਵੇਗੀ।

ਨੈਰੋਬੀ (ਕੀਨੀਆ) **ਅਜਾਇਬ ਕਮਲ**

ਇੱਕ ਸਤੰਬਰ, ਖ਼ਖ਼*ਫ਼ਖ਼

ਖ਼ਲਾਅ ‘ਚ ਲਟਕੇ ਮਨੁੱਖ

(ਸਿਨਮੈਟਿਕ- ਪ੍ਰਬੰਧ-ਕਾਵਿ)

ਸੈਂਚੀ ਪਹਿਲੀ

ਰਾਜ ਦੇ ਨਾਂ!

1

(ਆਰੰਭਕ-ਬੋਲ)

ਮੈਂ ਉਸ ਦਿਨ ਨੂੰ ਘੂਰ ਰਿਹਾ ਹਾਂ

ਜਿਸ ਦਿਨ ਮੇਰੀ ਸੋਚ ਅਵਾਰਾ

ਏਸ ਵਿਸ਼ਾਲ-ਖ਼ਲਾਅ ਦੇ ਅੰਦਰ

ਮੈਨੂੰ ‘ਕੱਲਾ ਛੱਡ ਕੇ ਟੁਰ ਗਈ।

ਸਿਰ ਤੋਂ ਲੈ ਕੇ

ਪੈਰਾਂ ਤੀਕਰ

ਮੇਰਾ ਜੁੱਸਾ

ਇਕ ਨਿਰਸਾਹਸ-ਘੇਰੇ ਵਿਚ

ਭਟਕਣ ਵਾਲੀ

ਇਕ ਤ੍ਰਹਾਈ-ਅੱਖ ਬਣੀ ਹੈ।

ਏਸ ਖ਼ਲਾਅ ਵਿਚ

ਚਾਰ ਚੁਫੇਰੇ

ਦੋਆਂ ਦੇ ਉੱਚੇ-ਕੱਦ ਜੇਡੇ

ਪ੍ਰਸ਼ਨ ਖਲੋਤੇ

ਜਿਨ੍ਹਾਂ ਨੂੰ ਨਾ ਆਪਣੇ ਜੇਡੇ

ਉੱਤਰ ਲੱਭਣ।

ਖ਼ਾਲੀ ਨਜ਼ਰਾਂ ਸੌਹੇਂ

ਇਕ ਕਾਲੀ ਜਿਹੀ ਰੇਖਾਂ ਉਭਰੇ

ਟੁੱਟ ਕੇ ਜੁੜਦੀ

ਜੁੜ ਕੇ ਟੁੱਟਦੀ

‘ਬਿੰਦੂ’ ਬਣਦੀ ਬਣਦੀ ਐਪਰ

ਮੇਰੇ ਵਰਗਾ ਹੋਰ ਨਵਾਂ ਇਕ

ਤ੍ਰਿਸ਼ਨਾਇਆ ਚਿਹਰਾ ਬਣ ਜਾਵੇ।

ਤ੍ਰਿਸ਼ਨਾਏ ਚਿਹਰੇ ਦੇ ਕੋਲੋਂ

ਤ੍ਰਿਸ਼ਨਾਏ ਚਿਹਰੇ ਨੂੰ ਦੱਸੇ!

ਹੈਰਤ ਬਾਝੋਂ

ਕੀ ਮਿਲ ਸਕਦਾ?

ਦੇਹ ਦਾ ਬੋਝ ਸੰਭਾਲਣ ਦੇ ਲਈ

ਮੇਰੇ ਪੈਰਾਂ ਹੇਠ ਸਹਾਰਾ

ਧਰਤੀ ਦਾ ਨਾਂ

ਅਤੇ ਪੁਲਾੜੀ ਰਿਸ਼ਮਾਂ ਕੋਲੋਂ

ਸਾਂਭਣ ਵਾਲਾ

ਸਿਰ ‘ਤੇ ਕੋਈ ਨਾ ਸੰਘਣਾ ਨਾ ਸਾਇਆ

ਦਿਸ਼ਾ-ਹੀਣ ਜਹੇ ਏਸ ਖ਼ਲਾਅ ਵਿਚ

ਮੈਂ ਪਹਿਲਾਂ

ਇਕ ਅੱਖ ਬਣਿਆ ਸਾਂ

ਹੁਣ ਇਹ ਖਾਲੀ ਅੱਖ ਫੈਲ ਕੇ

ਏਸ ਖ਼ਲਾਅ ਜੇਡੀ ਹੋ ਚੱਲੀ।

ਸਮੇਂ ਦੇ ਤੀਖਣ ਪਰਵਾਹ ‘ਚ

ਖ਼ਲਾਅ ‘ਚ

ਕੁਝ ਛਿਣ ਮਰ ਜਾਂਦੇ ਨੇ ... ...

ਡੌਰ ਭੌਰ ਹੋਇਆ ਮਨੁੱਖ

ਖ਼ਲਾਅ ‘ਚ ਫੈਲੀ ਹੋਈ

ਖ਼ਲਾਅ –ਕੱਦ ਅੱਖ ਵਿਚ

ਫੇਰ ਆ ਖਲੋਂਦਾ ਹੈ

ਅਤੇ ਦੁਸਰੇ ਕੋਨੁ ਤੋਂ ਉਭਰਦਾ

ਦੂਸਰਾ ਫਲੈਸ ਬਿੰਬ ਦੇਖਦਾ ਹੈ।

ਨਜ਼ਰਾਂ ਦੇ ਵਿਚ

ਇਕ ਵਲਾਅ ਹੈ

ਜ਼ਿਹਨਾਂ ਦੇ ਵਿਚ

ਇਕ ਖ਼ਲਾਅ ਹੈ।

ਇਹ ਧਰਤੀ ਹੈ

ਓਹ ਅੰਬਰ ਹੈ

ਇਹ ਮਾਰੂਥਲ

ਔਹ ਸਾਗਰ ਹੈ

ਇਹਨਾਂ ਚਹੁੰਆਂ ਦੇ

ਇਕ ਅਮੂਰਤ–ਸੰਗਮ ਉੱਤੇ

ਇਕ ਭਾਂਬੜ ਹੈ

ਲਟ ਲਟ ਬਲਦਾ

ਦੂਰ ਖਲੋਤੇ

ਅੱਖਾਂ ਅੱਡ ਕੇ ਦੇਖਣ ਵਾਲੇ

ਇਕ ਦਰਸ਼ਕ ਦਾ

ਹਰ ਤਾਜ਼ਾ ਸਾਹ

ਝੁਲਕੇ ਹੋਏ

ਹਉਕੇ ਵਿਚ ਢਲਦਾ

ਬੜਾ ਸਿਆਣਾ

ਦੇਸ਼ ਸਪੁਤਨਿਕ-ਯੁਗ ਦਾ ਬੰਦਾ

ਘਟਨਾ-ਚੱਕਰ ਦੀ

ਐਸੀ ਉਲਝਨ ਵਿਚ ਫਸਿਆ

ਸ਼ੋਚ ਨਾ ਸੱਕੇ

ਕੀ ਇਹ ਸਿਵਾ

ਸਮੇਂ ਦਾ ਬਲਦਾ?

ਕੀ ਇਹ

ਪ੍ਰਮਾਣੰ-ਲਾਵੇ ਵਿੱਚ ਭੌਂਦਾ

ਧਰਤੀ ਦਾ ਹੈ ਗੋਲਾ ਜਲਦਾ ?

ਕੀ ਇਹ ਤਪੇ

ਕਾਮ ਦੀ ਭੱਠੀ?

ਕੀ ਇਸ ਥਾਂ

ਇਹ ਉਨਤ ਯੁਗ ਦੀ

ਹੋ ਗਈ ਸਾਰੀ

ਘਿਰਣਾ, 'ਕੱਠੀ ?

ਜਾਂ ਫਿਰ

ਭੁੱਖੀਆਂ ਲਾਟਾਂ ਦੇ ਵਿਚ

ਸ਼ਕਲ-ਵਿਹੂਣਾ

ਕੀ ਉਸ ਦਾ

ਆਪਣਾ ਬੁੱਤ ਸੜਦਾ ?

ਤੇ ਸ਼ੈਤਾਨ

ਸਰ੍ਹਾਣੇ ਬੈਠਾ

ਮੌਤ ਦਾ

ਅੰਤਮ-ਫਾਤ੍ਹਾ ਪੜ੍ਹਦਾ ।

3

ਖ਼ਲਾਅ ਦੇ ਖ਼ੋਲ ‘ਚ ਗੂੰਜਦੀ ਫਿਰਦੀ

ਇਕ ਰਮਤੀ-ਆਵਾਜ਼

ਅੱਜ ਦੀ ਪੀੜ੍ਹੀ

ਕਾਮ-ਦੇਵਤੇ ਵਾਂਗੂੰ ਭੁੱਖੀ

ਅੱਗ ਦੀਆਂ ਲਾਟਾਂ ਵਾਂਗ ਤਿਹਾਈ

ਇਸ ਪੀੜ੍ਹੀ ਦਾ

ਕੌਣ ਖ਼ੁਦਾ ਹੈ ?

(ਵਕਫ਼ਾ)

ਆਪਣੀ-ਭੁੱਖੀ ਪੀੜ੍ਹੀ ਨੂੰ ਮੈਂ

ਆਪਣੇ ਸ਼ੀਸ਼ੇ ਵਿਚੋਂ ਵੇਖਾਂ

ਹਰ ਪਹਿਲੂ ਤੋਂ

ਪਰਖਾਂ,

ਤੋਲਾਂ,

ਮੇਰੀ ਪੜ੍ਹੀ ਮੇਰੇ ਸ਼ੀਸ਼ੇ ਦੇ ਵਿਚ ਮੈਂਨੂੰ

ਉਲਟੀ ਦਿਸਦੀ

ਪੈਰ

ਉਤਾਂਹ ਵਲ

ਸਿਰ ਥੱਲੇ ਨੂੰ ।

(ਕੁਝ ਰੁਕ ਕੇ)

ਮੈਨੂੰ ਲਗਦਾ

ਮੇਰੇ ਬਾਹਰਲੇ-ਬੁੱਤ ਉਹਲੇ

ਮੇਰੀ ਅੰਦਰਲੀ-ਲੁਕਵੀਂ-ਮੈਂ

ਮੇਰੀ ਪੀੜ੍ਹੀ ਵਾਗੂੰ ਹੀ

ਉਲਟੀ ਹੋਵੇਗੀ

ਮੇਰੀ ਗੱਲ ਦੀ ਹਾਮੀ ਭਰਨੋਂ

ਮੇਰਾ ਸ਼ੀਸ਼ਾ

ਮੇਰੇ ਸਾਹਵੇਂ

ਚੁੱਪ ਖੜਾ ਹੈ !

ਪਤਾ ਨਹੀਂ

ਕਿਉਂ

ਚੁੱਪ ਖੜਾ ਹੈ

(ਲੰਬਾ ਵਕਫ਼ਾ)

ਸ਼ੀਸ਼ੇ ਸਾਹਵੇਂ ਧੀਰੇ ਧੀਰੇ

ਨਾਟਕੀ ਅੰਦਾਜ਼ ਨਾਲ

ਮੇਰਾ ‘ਕੱਲਾ, ‘ਕੱਲਾ ਬਸਤਰ

ਉੱਤਰ ਜਾਂਦਾ ਹੈ

ਅਤੇ ਮੈਂ

ਅਲਫ਼ ਨੰਗਾ ਹੋ ਜਾਂਦਾ ਹਾਂ।

ਮੇਰਾ ਚਿਹਰਾ

ਬੀਟਨਿਕ-ਪੀੜ੍ਹੀ ਦਾ ਚਿਹਰਾ ਹੈ।

ਮੇਰੇ ਬਸਤਰਾਂ ਉਹਲੇ

ਲੱਕੜਾਂ ਦਾ ਵੱਡਾ ਸਾਰਾ ਢੇਰ

ਬਲ ਰਿਹਾ ਹੈ।

ਮੇਰੇ ਮੂੰਹ

ਅੱਖਾਂ,

ਨੱਕ ਤੇ ਕੰਨਾਂ'ਚੋਂ

ਅੱਗ ਨਿਕਲਦੀ ਹੈ।

ਮੇਰੇ ਅੰਗਾਂ 'ਚ ਭੁਖ

ਲਿੰਗ 'ਚ ਰੱਬ

ਅਤੇ

ਜ਼ਿਹਨ 'ਤੇ ਨੰਗੀ- ਤ੍ਰੀਮਤ ਸਵਾਰ ਹੈ ।

ਦਰਸ਼ਕ ਕਹਿੰਦੇ ਹਨ

ਮੇਰੀਆਂ ਅੱਖਾਂ

ਮੇਰੇ ਗੋਡਿਆਂ 'ਤੇ

ਲੱਗੀਆਂ ਹੋਈਆ ਨੇ

ਅਤੇ ਮੇਰਾ ਮੂੰਹ

ਮੇਰੇ ਹਾਬੜੇ ਪੇਟ ਤੇ ਆ ਲੱਗਾ ਹੈ।

ਮੈਂ

ਖ਼ਲਾਅ ‘ਚ

ਅੰਨ੍ਹੇ ਵਾਹ

ਪਾਗਲਾਂ ਵਾਂਗ ਦੌੜਦਾ ਫਿਰਦਾ

ਅੱਗ ਦਾ ਭਬੂਕਾ ਹਾਂ ।

ਨਾ ਸੁਣ ਸਕਦਾ ਹਾਂ!

ਨਾ ਸਹਿ ਸਕਦਾ ਹਾਂ!

ਨਾ ਕਹਿ ਸਕਦਾ ਹਾਂ!

ਮੈਂ ਇਕ ਗੁੰਗੇ-ਜਵਾਲਾ ਮੁੱਖੀ ਵਾਂਗ

ਅਛੋਪਲੇ ਫੱਟਣ ਨੂੰ ਕਰਦਾ ਹਾਂ।

ਧਰਤ ਹਿਲਾ ਸਕਦਾ ਹਾਂ!

ਆਸਮਾਨ ਗਿਰਾ ਸਕਦਾ ਹਾਂ!

ਅਤੇ ਚਿੜੀ ਦੇ ਚਿਥੜੇ

ਇੱਲਾਂ ਨੂੰ ਪਾ ਸਕਦਾ ਹਾਂ!

4

ਮੂਡ ਬਦਲ

ਮਨੁੱਖ

ਇਕ ਛਲੇਡਾ ਹੈ

ਦੇਹ ਪਲਟਾ ਕੇ, ਜੋ

ਖ਼ਲਾਅ ਬਣਿਆ ਹੈ !

(ਅਚੰਭਤ-ਬੋਲ ਲਬਾਂ ਤੇ ਥਰਕ ਕੇ

ਖ਼ਲਾਅ ‘ਚ ਗ਼ਰਕ ਜਾਂਦੇ ਨੇ ... ...

ਕੁਝ ਦੇਰ ਲਈ ਚੁੱਪ,

ਮੌਤ ਵਰਗੀ ਚੁੱਪ,

ਫੇਰ ਅਚਾਨਕ ਚੁੱਪ ਤੋੜ ਕੇ।

ਇਕ ਉੱਚੀ ਠੇਰੀ ਤੇ ਖਲੋ ਕੇ

ਮਾਨੋਂ ਆਪਣੇ ਅਤੀਤ ਨੂੰ ਭੋਗ ਕੇ)

ਹੋਂਦ ਦੇ ਸੀਮਤ -ਖ਼ਾਕੇ ਵਿਚੋਂ

ਸੀਮਾ ਹੀਣ ਪੁਲਾੜ

ਅਸੀਂ ਕਈ ਵਾਰੀ ਦੇਖੇ

ਚੰਨ ਸ਼ੁੱਕਰ ਦੇ

ਮੂਕ ਬੋਲ

ਕਈ ਵਾਰ ਸੁਣੇ ਨੇ

ਇਕ ਅੱਖਰ ਦੇ ਅਰਥ ਫੈਲ ਕੇ।

ਭੂਤ ਭਵਿਸ਼ ਨੂੰ

ਬੁੱਕਲ ਦੇ ਵਿਚ ਲੈਂਦੇ ਦੇਖੇ।

ਤੇ ਇਸ ਦੀ ਅੱਖੜ ਜਹੀ ਹਉਂ ‘ਚੋ

ਉਪਜੇ ਹੋਏ ਕੁਝ ਬੋਲ ਗ਼ੁਸੈਲੇ

ਬ੍ਰਹਿਮੰਡਾਂ ਦੇ ਘੇਰੇ ਉੱਤੇ

ਤਰਦੇ ਦੇਖੇ।

(ਇਕ ਨਜ਼ਰ ਆਕਾਸ਼ ਵਲ

ਫੇਰ .. ..

ਇਕ ਡੂੰਗੀ ਤਣੀਣ ਲੈਕ

ਸਵੈ-ਪੜਚੋਲੀਆ ਅੰਦਾਜ਼ ਵਿਚ)

ਜਦ ਆਪਣੀ ਮੁੱਠੀ ਵਿਚ

ਭੇਤ

ਸਰਿਸ਼ਟੀ ਭਰ ਦੇ

ਤੇ ਆਪਣੀ ਮੁੱਠੀ ਭਰ ਮਿੱਟੀ

ਕੁਲ ਸਰਿਸ਼ਟੀ ਤੇ ਹਾਵੀ ਹੋਈ,

ਫਿਰ ਕਿਉਂ ਆਪਾਂ

ਆਪਣੇ ਉਲਝੇ ਭਾਵਾਂ ਹੱਥੋਂ

ਸ਼ਤਰੰਜੀ –ਮੋਹਰੇ ਬਣ ਬਣ ਕੇ

ਹਰ ਛਿਣ

ਮੌਤ ਨਵੀਂ ਮਰਦੇ ਹਾਂ ?

(ਵਕਫ਼ਾ)

ਕਿਉਂ ਮਰਦੇ ਹਾਂ

ਕਿਉਂ ਆਪਣੇ ਅਰਥਾਂ ਦਾ ਸੱਚ

ਲੱਭਣੋਂ ਡਰਦੇ ਹਾਂ ?

(ਉੱਤਰ

ਸ਼ਾਇਦ ਖ਼ਲਾਅ ‘ਚੋਂ ਉਡੀਕਿਆ ਜਾ ਰਿਹਾ ਹੈ!)

5

ਆਂਤ੍ਰਕ ਤੇ ਬਾਹਰੀ ਖ਼ਲਾਅ ‘ਚ ਘਿਰੇ

ਮਨੁੱਖ ਦੀਆਂ

ਮਨੋ– ਬਿਰਤੀਆਂ ਦਾ ਪ੍ਰਭਾਵ

{ ਇਕ ਤੀਖਣ ਫ਼ਲੈਸ਼ ਬੈਕ

ਜਿਸ ਦੀ ਲੋਅ ਵਿਚ

ਮਨ ਅਤੇ ਜ਼ਿਹਨ ਦੀ ਹਰ ਨੁੱਕਰ ਨੰਗੀ ਹੋ ਜਾਂਦੀ ਹੈ}

ਮੇਰ ਅਵਚੇਤਨ ਦੀ ਗੱਲ ਦੇਖੋ !

ਸੂਰਜ ਦੀ ਧੁੱਪੇ

ਨੰਗੀਆਂ ਪਈਆਂ ਤੀਵੀਆਂ

ਮੈਨੂੰ

ਹਜੂਮ ‘ਚੋਂ ਪਕੜ ਕੇ

ਇਕ ਪਾਸੇ

ਕੰਧ ਉਹਲੇ ਲੈ ਜਾ ਕੇ

ਮੇਰੇ ਪਿੰਡੇ ਤੇ ਚੂੰਢੀਆਂ ਭਰਦੀਆਂ ਨੇ

ਮੇਰੇ ਅੰਗਾਂ ‘ਤੇ

ਲਟ ਲਟ ਬਲਦੇ

ਅੰਗਿਆਰ ਧਰਦੀਆਂ ਨੇ

ਮੇਰੇ ਸਰੀਰ ਦੇ ਸੁੱਤੇ ਲਹੂ ਵਿਚ

ਸ਼ਰਾਰਤਾਂ ਭਰਦੀਆਂ ਨੇ ।

ਥੇ

ਹੁਣ ਜਦੋਂ ਅਚਾਨਕ

ਭੁਚਾਲ ਦਾ ਜ਼ੋਰਦਾਰ ਝਟਕਾ ਖਾਣ ਪਿਛੋਂ

ਮੇਰੀ ਲੰਬੀ ਨੀਂਦਰ ਟੁੱਟੀ

ਅਤੇ ਏਸ ਖ਼ਲਾਈ-ਥਲ ਦੇ

ਸੜ੍ਹਾਂਦ ਛੱਡਦੇ ਮਾਹੌਲ ਬਾਰੇ

ਮੈਂ ਚੇਤੰਨ ਹੋਇਆ

ਇਹ ਕਾਮ-ਅਲਸਾਈਆਂ ਤੀਵੀਆਂ

ਮੈਨੂੰ ਕੀਲਣ ਲਈ

ਮੰਤਰ ਪੜ੍ਹ ਕੇ

ਅੱਖਾਂ ‘ਤੇ ਪੱਟੀ ਬੰਨ੍ਹ

ਪਲਾਕੀ ਮਾਰ

ਮੇਰੀ ਪਿੱਠ ਤੇ ਚੜ੍ਹ ਕੇ

ਮੈਨੂੰ ਸੁਸਤ ਨੂੰ

ਮੱਛਰੇ ਘੋੜੇ ਵਾਂਗ

ਦੁੜਾਈ ਫਿਰਦੀਆਂ ਨੇ .. ..

6.

ਇਕ ਅੱਤ-ਚੇਤਨ ਓਜੱਸਵੀ-ਚਿਹਰਾ

... ...

(ਇਕ ਪਾਤਰੀ-ਆਤਮ-ਕਥੀ ਰੂਪਕ)

... ...

ਮੇਰੇ ਗਿਰਦੇ

ਚਾਰੇ ਪਾਸੇ

ਇਹ ਕੇਹਾ

ਸ਼ਕਲਾਂ ਦਾ ਝੁਰਮਟ

ਇਹ ਕੇਹਾ

'ਵਾਜਾਂ ਦਾ ਘੇਰਾ

ਸ਼ੁਣ ਸੁਣ ਕੇ

ਕੰਨ ਬੋਲੇ ਹੋ ਗਏ ... ...

ਏਦਾਂ ਜਾਪੇ

ਮੇਰਾ ਹਰ ਇਕ

ਵਾਕਿਫ਼ਕਾਰ-ਅਜਨਬੀ ਬਣ ਕੇ

ਮੇਰੇ ਸਾਹਵੇਂ

ਆ ਖਲ੍ਹਿਆ ਹੈ

ਦੁਸ਼ਮਣ ਵਾਂਗ

ਕੋਹਣ ਲਈ ਮੈਨੂੰ

ਏਸ ਬੀੜ ਵਿਚ

ਆ ਰਲਿਆ ਹੈ ।

ਮੈਂ 'ਕੱਲਾ

ਪਰ ਚਾਰ ਚੁਫੇਰੇ

ਆਵਾਜ਼ਾਂ ਦੇ ਘੁੰਮਣ ਘੇਰੇ

ਆਵਾਜ਼ਾਂ ਦੇ ਵਿਹੁਲੇ ਚੱਕਰ

ਇਕ ਕਵੱਲੀ ਦੌੜ ਦੁੜਾਈ

ਇਕ ਸਿਰ ਫਿਰਿਆ

ਸ਼ੋਰ ਸ਼ਰਾਬਾ ।

(ਰੁਸਟ ਭਾਵਨਾ ਨਾਲ)

ਛਾਤੀ ਉੱਤੇ ਪੈਰ ਟਿਕਾ ਕੇ

ਇਹ ਸ਼ਕਲਾਂ

ਮੈਂ ਦਲਨਾਂ ਚਾਹਵਾਂ

ਇਹ ਆਵਾਜ਼ਾਂ

ਪੈਰਾਂ ਹੇਠ

ਮਸਲਨਾ ਚਾਹਵਾਂ।

ਇਹਨਾਂ ਸ਼ਕਲਾਂ ਤੇ ਆਵਾਜ਼ਾਂ

ਦੀ ਬੁੱਕਲ ਵਿਚ

ਐਸੇ 'ਯੰਤਰ'

ਜਿਹੜੇ ਮੇਰੀ ਰੂਹ ਨੂੰ ਕੋਹ ਕੇ

ਇਕ 'ਮਸ਼ੀਨ' ਸਮਝ ਕੇ ਮੈਨੂੰ

ਲਾਟੂ ਵਾਂਗ ਭੁਆਈ ਫਿਰਦੇ ।

(ਰੁਸ਼ਟਤਾ ਹੋਰ ਤੀਖਣ ਹੋ ਜਾਂਦੀ ਹੈ)

ਇਸੇ ਲਈ ਤਾਂ ਰੋਹ ਵਿਚ ਆ ਕੇ

ਮੇਰੀਆ ਅੱਖਾਂ ਵਿਚ ਰੱਤ ਬਲਦੀ

ਤੇ ਵਿਦਰੋਹੀ ਅੰਗਾਂ ਦੇ ਵਿਚ

ਇਕ ਤਣਾਅ ਹੈ।

7.

ਰੀਵਾਲਵਿੰਗ ਸਟੇਜ ਤੇ

... ...

(ਪਲੇਅ ਬੈਕ ਆਵਜ਼)

... ...

ਤਵਾਰੀਖ ਦੀ ਬੱਚੇਦਾਨੀ

ਵਿਚ ਸਭਿਅਤਾ ਦਾ

ਪਲੇ ਲੋਥੜਾ

ਨਾ ਪੂਰਾ ਜੀਊਂਦਾ

ਨਾ ਮੁਰਦਾ।

ਸਟੇਜ ਤੇ ਬਿਜਲੀ ਦੇ ਬਹੁ-ਰੰਗੇ ਲਾਟੂਆਂ ਦੇ

ਚਾਨਣ ਦੀ ਜ਼ੋਰਦਾਰ ਬੁਛਾੜ ਪੈਂਦੀ ਹੈ।

ਇਕ ਦੋ ਮੂੰਹਾਂ-ਵਿਅੱਕਤੀ-ਮਖੌਟਾ (ਜਿਸ ਦਾ

ਇਕ ਚਿਹਰਾ ਸ਼ਾਇਦ ਵਿਗਿਆਨਕ ਤੇ

ਦੂਸਰਾ ਮਾਨਵੀ ਪ੍ਰਸਥਿੱਤੀਆ ਦਾ ਪ੍ਰਤੀਕ ਹੈ)

ਸਟੇਜ ਤੇ ਆਉਂਦਾ ਹੈ... ... ...

ਕਦੇ ਇਕ ਚਿਹਰਾ ਬੋਲਦਾ ਹੈ

ਕਦੇ ਦੂਸਰਾ ... ...

(ਮਾਨਵੀ ਮਖੌਟੇ ਦੀ ਆਵਾਜ਼)

ਔਹ ਇਸ ਯੁੱਗ ਦਾ

ਬਲੀ ਮਨੁੱਸ਼ ਹੈ

ਜਿਸਦੇ ਦੰਦ- ਕੁਹਾੜੇ ਵਰਗੇ

ਜਿਸਦੀ ਭੁੱਖ- ਮਸਾਣਾਂ ਜੇਡੀ।

(ਵਿਗਿਅਨਕ ਮਖੌਟੇ ਦੀ ਆਵਾਜ਼)

ਮੇਰਾ ਜੁਸਾ

ਏਡਾ ਵੱਡਾ

ਇਹ ਧਰਤੀ ਤਾਂ ਹਾਰੀ ਸਾਰੀ

ਮੇਰੇ ਚੋਲੇ ਵਿਚ ਲੁਕ ਸਕਦੀ

ਸੱਪਾਂ ਵਾਂਗ ਸ਼ੂਕਦਾ ਸਾਗਰ

ਮੇਰੀ ਚੋਲੀ ਵਿਚ ਆ ਸਕਦਾ

ਕੁੱਬੜੀ…. … … … …

ਜਿਸਦਾ ਨਾਮ ‘ਮੰਥਰਾ’

ਮੇਰੀ ਦਾਸੀ ।

{ਮ. ਮ. }

ਲੋਕੀ ਕਹਿੰਦੇ

ਈਥਰ ਦੇ ਵਿਚ

ਈਸਾ ਤੇ ਗੌਤਮ ਦੇ ਉਚਰੇ

ਬੋਲ ਉਵੇਂ ਹਨ

ਭੌਂਦੇ ਫਿਰਦੇ !

ਮਿੱਟੀ ਨੂੰ ਖੰਭ ਲਾ ਕੇ ਕਿਹੜਾ

ਅਸਮਾਨਾਂ ਤੇ ਚੜ੍ਹ ਸਕਦਾ ਹੈ?

ਸਦੀਆ ਦੇ ਉੱਡਦੇ ਬੋਲਾਂ ਨੂੰ

ਮੁਠੀ ਦੇ ਵਿਚ

ਫੜ ਸਕਦਾ ਹੈ ?

{ਵ.ਮ.)

ਹਾਂ !

ਮੈਂ … .. …

ਸੌ-ਮੈਗਾਟਨ ਸ਼ਕਤੀ ਵਾਲੇ

ਪ੍ਰਮਾਣੂ ਬੰਬਾਂ ਦਾ ਸਿਰਜਕ

‘ਮੌਤ-ਰਿਸ਼ਮ’ ਵੀ

ਮੇਰੇ ਜ਼ਿਹਨ ‘ਚੋਂ ਉਪਜੀ

ਕਿਸੇ ਸੋਚ ਦਾ ਸਾਇਆ

ਮੈਂ ਇਸ ਯੁਗ ਦੀ ਸਖਣੀ ਗੋਦੀ

ਸੁਪਨੇ ਵਰਗਾ

ਸੁੰਦਰ ਬਾਲ ਖਿਡਾ ਸਕਦਾ ਹਾਂ।

(ਮ.ਮ.)

ਮੇਰੇ ਗਿਰਦੇ

ਅੱਗੇ ਪਿਛੇ

ਸ਼ੱਜੇ ਖੱਬੇ,

ਇਹ ਕਿਸ ਦੇ ਸਾਹਾਂ ਦੀਆਂ ਚਾਪਾਂ ?

ਜਿਵੇਂ ਖ਼ਲਾਅ ਦੀ

ਕੋਝੀ ਅਤੇ ਡਰਾਉਣੀ ਸਾਂ ਸਾਂ

ਮੈਨੂੰ ਸਾਂਭੋ ... ...

ਇਹ ਕੀ ਭੁੱਖਾਂ ਅਤੇ ਕੁਰਲਾਟਾਂ ?

ਇਜ ਕਿਸ ਕਾਲੇ-ਦੋਅ ਦਾ ਪੰਜਾ

ਦੋਜ਼ਖ ਦੇ ਪੱਟ

ਖੋਲ੍ਹ ਰਿਹਾ ਹੈ ?

{ਵ.ਮ.}

(ਅੰਤਮ ਆਵਾਜ਼)

ਦੇਖੋ!

ਕੇਡੀ ਵੱਡੀ ਦੁਨੀਆਂ

ਵੇਂਹਦੇ ਵੇਂਹਦੇ

ਅੱਜ ਮੇਰੇ ਪਰਛਾਵੇਂ ਉਹਲੇ

ਸਿਮਟ ਗਈ ਹੈ!

ਰੱਬ ਵਾਂਗੂੰ

ਮੈਂ ਵੀ ਸਿਰਜਕ ਹਾਂ!

ਟਾਈਮ-ਕੈਪਸੀਊਲ ਦੇ ਉੱਤੇ ਮੇਰੀ ਵਿੱਥਿਆ

ਲਿੰਕਨ, ਲੈਨਿਨ, ਗਾਂਧੀ ਦੀ ਵਿੱਥਿਆ ਤੋਂ ਵਾਧੂ

ਥਾਂ ਮੰਗਦੀ ਹੈ।

੪.

ਅੱਗ ਦੀ ਕਥਾ

ਪ੍ਰਿਥਮ ਝਾਕੀ

(ਪਾਤਰ ਬਦਲ)

ਪਾਤਰ: ਖ਼ਲਾਈ ਪੁਰਸ਼ ਇਸਤਰੀ

ਐਕਸ਼ਨ: ਇਕ ਤੀਬਰ ਭਾਵੀ ਮਨੋਵਿਸ਼ਲੇਸ਼ਨ

ਓਸ ਸਥਿੱਲ ਖ਼ਲਾਅ ਦੀ

ਬੋਝਲ ਦੇਹੀ ਵਾਂਗ

ਤੇਰੀ ਹਿੱਕ ਵਿੱਚ ਅਜੀਬ ਖੁੱਸਣ ਹੈ

ਬਿਫਰੇ ਅੰਗਾਂ ਵਿਚ

ਸ਼ਰਾਬੀ ਦੇ ਜ਼ਿਹਨ ਜਿਹਾ

ਤਣਾਅ ਹੈ

ਅਤੇ

ਤਪਦੇ ਤਾਂਬੇ ਵਾਂਗ

ਤਪਿਆ ਤੇਰਾ ਜਿਸਮ

ਇਕ ਥਾਂ ਰੁਕਿਆ ਖਲੋਤਾ

ਅੱਗ ਦਾ ਅੰਨ੍ਹਾਂ ਦਰਿਆ ਹੈ।

ਜਾਪਦਾ ਹੈ

ਅੱਜ ਫੇਰ ਤੂੰ

ਹਰ ਬੰਧਨ ਤੋਂ ਆਕੀ ਏਂ

ਤੇਰੇ ਉਹਲੇ

ਲੁਕ ਕੇ ਬੈਠੀ ‘ਨੰਗੀ-ਹੱਵਾ’ ਦਾ

ਅੱਜ ਫੇਰ

‘ਵਰਜ਼ਤ-ਫਲ’ ਖਾਣ ਨੂੰ

ਜੀਅ ਕਰਦਾ ਹੈ।

ਵਰਜਤ ਫਲ ਦੀ ਵਿਥਿਆ

{ ਜਿਵੇਂ ਮਨੁੱਖ ਇਸ ਵਿਥਿਆ ਵਿਚ ਆਪਣੀ ਕਮਜ਼ੋਰੀ ਦਾ ਉਹਲਾ ਲਭ ਰਿਹਾ ਹੋਵੇ}

ਇਹ ਵਰਜਤ ਫਲ

ਬੜਾ ਕੌੜਾ

ਇਹ ਵਰਜਤ ਫਲ

ਬੜਾ ਮਿੱਠਾ,

ਇਹ ਭੁੱਖਾਂ ਦਾ ਵੀ ਸੰਕਟ ਹੈ

ਇਹ ਸਿਰਜਣ ਦਾ ਵੀ ਮਸਲਾ ਏ,

ਇਹਦੇ ਉੱਤੇ ਜੋ ਫੁੱਲ ਝਰਦੇ

ਬਰੂਦਾਂ ਦਾ ਵੀ ਪਹਿਰਾ ਏ,

ਪ੍ਰਿਥਮ-ਪੁਰਖ ਤੇ ਇਸਤਰੀ ਵਾਲੀ ਕਹਾਣੀ ਨੂੰ

ਹੈ ਅੱਜ ਤਕ ਜਿਉਂਦਿਆਂ ਰੱਖਿਆ।

{ਪੋਜ਼ ਬਦਲ ਕੇ}

ਤੂੰ ਇਸ ਸੋਚਾਂ ਦੇ ਯੁੱਗ ਅੰਦਰ

ਤ੍ਰੀਮਤ ਪਨ ਗੁਆ ਬੈਠੀ,

ਮੈਂ ਇਸ ਤਜ਼ੀ ਦੇ ਯੁੱਗ ਅੰਦਰ

ਗਤੀ ਆਪਣੀ ਗੁਆ ਬੈਠਾ,

ਅਸੀਂ ਭਾਵਾਂ ਤੋਂ ਸੱਖਣੀਆਂ

ਮਸ਼ੀਨਾਂ ਬਣ ਗਏ ਦੋਵੇਂ।

ਜਦੋਂ ਇਹ ਲਹਿਰ ਉਠਦੀ ਹੇ

ਤੇਰੇ ਕਲਬੂਤ ‘ਚੋਂ

ਮੁਰਦਾ ਤ੍ਰੀਮਤ ਜਾਗ ਉਠਦੀ ਹੈ

ਮੇਰੀ ਮਿੱਟੀ ਚ' ਅੱਖੜ ਮਰਦ

ਮੁੜ ਕੇ ਚੁਟਕੀਆਂ ਭਰਦਾ।

ਮਸ਼ੀਨੀ ਯੁਗ 'ਚ

ਛਿਣ ਪਲ ਲਈ

ਇਸ ਲੱਜ਼ਤ 'ਚੋਂ ਹੀ ਸਾਨੂੰ

ਆਪਣੀ ਉਲਗਦੀ ਹੋਈ ਹੋਂਦ ਦਾ

ਅਹਿਸਾਸ ਮਿਲਦਾ ਹੈ... ... ...

9.

ਅੱਗ ਦੀ ਕਥਾ

{ਪਰਦਾ ਬਦਲ ਕੇ ਦੂਸਰੀ ਝਾਕੀ}

ਸ਼ਟੇਜ ਤੇ ਇਕ ਪਰਦਾ-ਕੱਦ ਮਿਥਿਹਾਸਕ-

'ਰਕ ਕੁੰਭੀ ਦੇ ਨਾਟਕ ਦਰਸ਼ਨ

ਪ੍ਰਸ਼ਟ ਭੂਮੀ ਤੇ

ਸ੍ਰਿਸ਼ਟੀ ਦੇ ਬਿਬਲੀਕਲ ਆਰੰਭ,

ਆਦਮ, ਹੱਵਾ ਤੇ ਸ਼ੈਤਾਨ ਦੀਆਂ ਕੁਝ

ਨਗਨ-ਤਸਵੀਰਾਂ ਲਟਕਦੀਆਂ ਹਨ।

(ਚਿਤ੍ਰ ਸ਼ਾਇਦ ਪ੍ਰਸਿੱਧ ਇਤਾਲਵੀ ਆਰਟਿਸਟਾਂ ਦੇ ਬਣੇ ਹੋਏ ਹਨ)

ਪਿਘਲੀ ਅੱਗ ਦੀ

ਇਕ ਉਬਲਦੀ ਝੀਲ ਕਿਨਾਰੇ

ਆਪਣੇ ਸਾਥੀ

ਬੀਲਜ਼ਬੱਬ ਦੇ ਮੋਢੇ ਉਤੇ ਹੱਥ ਧਰ ਕੇ

ਚੁੱਪ, ਅਹਿੱਲ ਜਿਹਾ ਉਹ ਬੈਠਾ

ਸੋਚਾਂ ਵਿਚ ਹੈ-

ਨਕਸ਼ ਬਦਲ ਕੇ

ਕਿੰਜ ਆਦਮ ਦੀ ਮੂਰਤ ਨੂੰ ਮੈਂ

ਆਪਣੀ ਮਨ ਮਰਜ਼ੀ ਦੀ

ਚੌਖਟ ਵਿਚ ਜੜ ਸਕਨਾਂ ?

ਕਿੰਜ ਹੱਵਾ ਦੇ

ਗੁਦਗੁਦਿਆ ਪੱਟਾਂ ਦੇ ਉੱਤੇ

ਵਿਹੁਲਾ ਸੱਪ ਬਣ ਕੇ

ਲੜ ਸਕਨਾਂ ?

ਗ਼ੁੱਸੇ ਨਾਲ ਤਣੇ

ਉਸਦੇ ਚਿਹਰੇ ਦੇ ਉੱਤੇ

ਜੀਵਨ ਦੇ ਗੌਰਵ ਦਾ ਖ਼ਾਕਾ

ਝੁਲਸ ਰਿਹਾ ਹੈ।

ਰੋਹ ਵਿਚ ਆਈ ਉਸਦੀ ਸੈਨਾ

ਅਰਬਤ ਨਰਬਦ, ਧੰਦੂ ਕਾਰੇ ਦੀ

ਇਕ ਕਾਲੀ ਲਹਿਰ ਬਣੀ ਹੈ

ਉਸ ਦੀਆਂ ਹਾਬੜੀਆਂ ਅੱਖਾਂ ਵਿਚ

ਮਾਨਵ ਪੁੱਠਾ ਲਟਕ ਰਿਹਾ ਹੈ।

ਤੇ... ... ਮੈਂ... ...

ਇਹ ਗੱਲ ਜਾਨਣ ਦਾ ਇੱਛਕ ਹਾ

ਏਸ ਦ੍ਰਿਸ਼ ਵਲ ਪਿੱਠ ਭੁਆ ਕੇ

ਆਪਣੀ ਹਉਂ ਤੋਂ ਲਾਂਭੇ ਹੋ ਕੇ ਅੱਖ ਲਫਾ ਕੇ,

ਬੰਦਾ ਕਾਹਤੇ

ਚੁੱਪ ਬੈਠਾ ਹੈ ?

10.

ਸ਼ਟੇਜ ਬਦਲ

ਪਾਗਲ ਖਾਨੇ ਅੰਦਰ ਜਾ ਕੇ

ਚਾਰ ਚੁਫੇਰੇ ਨਜ਼ਰ ਦੁੜਾਈਏ

ਕੰਧਾਂ ਉਤੇ

ਬੀਮਾਰਾਂ ਦੀ ਦਿਲਚਸਪੀ ਲਈ

ਭਾਂਤ ਭਾਂਤ ਦੇ ਅਣੋਖੇ ਚਿਤ੍ਰ ਲਟਕਣ।

{ਪਾਗਲ ਖ਼ਾਨੇ ਵਿਚ ਇਕ ਊਲ ਜਲੂਲ

(ਐਬਸਰਡ) ਪਾਤਰ ਅਧਿਐਨ}

ਉਸ ਦੇ ਭਾਣੇ

ਹਰ ਇਕ ਅੱਧ-ਖੜ ਤੀਵੀਂ

ਲੇਡੀ ਚੈਟਰਲੀ ਸੀ।

ਏਸ ਉਮਰ ਦੀ

ਹਰ ਇਕ ਔਰਤ ਦੇ ਅੰਗਾਂ ਵਿਚ

ਅਗਨੀ ਦੀ ਇਕ ਤਰਲ ਜਿਹੀ ਰੌਅ

ਜਾਗੋ-ਮੀਟੀ ਦੀ 'ਵਸਥਾ ਵਿਚ

ਉੱਸਲ ਵੱਟੇ ਲੈਂਦੀ

ਉਸਨੂੰ ਦਿਸਦੀ ਰਹਿੰਦੀ।

ਪਦਮਣੀਆਂ ਤੇ ਹਸਤਣੀਆਂ ਦੀਆ ਕਿਸਮਾਂ ਬਾਰੇ

ਉਸ ਦੀ ਸੂਝ

ਸੁਚੇਤ ਬੜੀ ਸੀ।

ਪਿਘਲੇ ਅੰਗਾਂ ਦੀ

ਖਹਿੰਦੀ ਹੋਈ ਭੀੜ 'ਚੋਂ ਲੰਘ ਕੇ

ਵਰ੍ਹਦੀ ਅੱਗ ਦੇ ਲੂਹੇ ਵਿਚ

ਹੱਥ ਪੈਰ ਜਲਾਂਦਾ

ਕਿਸੇ ਮੋੜ 'ਤੇ ਸਹਿਜ-ਸੁਭਾ ਹੀ

ਇਕ ਛਿਣ ਲਈ ਆ ਰੁਕਦਾ ਜੇ ਕੋਈ

ਫੁੱਟ-ਪਾਥ 'ਤੇ ਜਾਂਦੀ

ਔਰਤ ਦਾ ਪਰਛਾਵਾਂ,

ਉਸ ਦੇ ਲਲਚਾਏ ਹੋਏ ਮੂੰਹ ‘ਚੋਂ

ਝਟ ਇਕ ਲਾਰ ਜਹੀ ਡਿੱਗ ਪੈਂਦੀ

ਤੇ ਅਗਲੇ ਛਿਣ

ਉਸ ਨੂੰ ਇੰਜ ਟਪਲਾ ਜਿਹਾ ਲੱਗਦਾ

ਜਿਉਂ ਉਹ

ਸਿਰ ਤੋਂ ਲੈ ਕੇ ਪੈਰਾਂ ਤੀਕਰ

ਉਸ ਦੀ, ਤਾਜ਼ਾ ਆਈ ਮਾਹਵਾਰੀ ਦੀ

ਰੱਤ ‘ਚ ਲਿਬੜ ਚੁੱਕਾ ਹੋਵੇ।

ਉਂਜ ਉਹ ਚੋਖਾ ਪੜ੍ਹਿਆ ਲਿਖਿਆ

ਸੁਹਜ-ਕਲਾ ਦਾ ਆਸ਼ਕ ਵੀ ਸੀ।

ਕਾਅਵਾ-ਘਰ ਵਿਚ

ਸੁਹਜ ਕਲਾ ਦੀ

ਜਿਸ ਵੇਲੇ ਛਿੜਦੀ ਕੋਈ ਚਰਚਾ

‘ਮਾਈਕਲ ਐਂਜਲੋ’ ਤੋਂ ਲੈ ਕੇ, ਉਹ

‘ਸਾਲਵਾ-ਡੋਰ-ਡਾਲੀ’ਦੇ ਤੀਕਰ

ਸਭਨਾਂ ਦੇ ਨਾਵੇਂ ਗਿਣ ਜਾਂਦਾ

ਤੇ ਰੰਗਾਂ ਦੇ ਜੋੜ ਸੰਬੰਧੀ

ਬੜੇ ਅਨੋਖੇ ਰਿਸ਼ਤੇ ਛੋਹੰਦਾ।

ਇਕ ਦਿਨ ਕਾਫ਼ੀ ਦੇ ਉਤੇ

ਇਕ ਮਿੱਤਰ ਨੇ

ਉਸ ਨੂੰ ਮੱਥ ਕੇ ਚੇੜਨ ਦੇ ਲਈ

‘ਹੀਗੱਲ’ ਦਾ ਦਰਸ਼ਨ ਛੋਹ ਲੀਤਾ

ਆਖਣ ਲੱਗਾ

ਉਹ ਤਾਂ ਹੈ

ਇਤਿਹਾਸ ਦਾ ਇਕ ਨਾਜਾਇਜ਼-ਬੱਚਾ

ਉਸਦਾ ਦਰਸ਼ਨ ਪੜ੍ਹ ਕੇ ਦੱਸੋ!

ਕਿਹੜੀ ਬਾਂਝ ਤ੍ਰੀਮਤ ਨੇ ਹੈ

ਜਣਿਆ ਬੱਚਾ ?

ਉਂਜ ਮੰਨਿਆ-ਸ਼ਤਰੰਜੀ ਵੀ ਸੀ

ਬਾਜ਼ੀ ਉੱਤੇ ਬੈਠਾ ਬੈਠਾ

ਜਦ ਕੋਈ ਚਾਲ ਚਲਾ ਜਾਂਦਾ ਸੀ

ਸਫ਼ ਦੀ ਸਫ਼ ਉਲਟਾ ਜਾਂਦਾ ਸੀ।

ਬੇਰੁਜ਼ਗਾਰੀ ਦਾ ਹੱਲ ਲਭਦੇ

ਇਕ ਵਾਰੀ ਉਹ ਆਖਣ ਲੱਗਾ

'ਅਫ਼ਰੰਗੀਆਂ ਨੂੰ ਮੋੜ ਲਿਆਓ

ਗਣ ਤੰਤਰ ਨੂੰ ਤੀਲੀ ਲਾਓ'

ਤੇ ਮੈਂ ਡਿੱਠਾ

ਇਕ ਛਿਣ ਮਗਰੋਂ

ਨਾਲ ਦੀਆ ਮੇਜ਼ਾਂ ਤੋਂ ਉੱਠੀਆਂ

ਉਸ ਦੀਆਂ ਲਹਿਰਾਂ ਦੇ ਵਿਚ

ਗਲ ਗਲ ਤੀਕਰ

ਡੁੱਬ ਚੁੱਕਾ ਸੀ।

ਉਸ ਦੀਆਂ ਅੱਖਾਂ

ਕਾਹਵਾ-ਘਰ ਦੀ ਕੰਧ ਦੇ ਉੱਤੇ

ਲੱਗੀ ਹੋਈ ਘੜੀ ਦੀਆਂ ਦੋਵੇਂ

ਦੌੜਦੀਆਂ ਸੂਈਆ ਨੂੰ ਦੂਰੋਂ

ਬਿਟ ਬਿਟ ਕਰ ਕੇ

ਘੂਰਦੀਆਂ ਸਨ।

11.

ਸਾਹਵੇਂ !

ਇਕ ਰਾਜਧਾਨੀ ਵਾਲਾ ਸ਼ਹਿਰ ਹੈ !

ਸਿਰ ‘ਤੇ ਲਾਟੂਆਂ ਦਾ ਝੁਰਮਟ ਹੈ !

ਰੰਗ ਬਰੰਗੀਆਂ

ਰੌਸ਼ਨੀਆਂ ਦੇ ਹੜ੍ਹ ਵਿਚ

ਬਾਜ਼ਾਰ

ਰੈਸਤੋਰਾਂ

ਸਿਨਮੇਂ

ਫ਼ੈਕਟਰੀਆਂ

ਤੇ ਸਰਕਾਰੀ ਬਿਲਡਿੰਗਾਂ ਦੇ ਮੁਨਾਰੇ

ਨੱਕੋ ਨੱਕ

ਡੁੱਬੇ ਹੋਏ ਨੇ ।

ਸ਼ੀਸ਼ੇ ਵਰਗੀਆਂ ਸੜਕਾਂ ‘ਤੇ

ਘੋਰੀ ਹੋਏ ਮਰਦ ਔਰਤਾਂ

ਲੁੜ੍ਹਕਦੇ ਫਿਰੇ ਨੇ।

ਜ਼ਿਹਨ ਹਨ

ਕਿ ਪਰਾਏ ਜਿਸਮ ਭੋਗਣ ਵਾਲੇ-ਚਕਲੇ

ਕੈਫ਼ਿਆਂ ਤੇ ਹੋਟਲਾਂ ਵਲ

ਜਾਂਦੀਆ ਇਸਤਰੀਆਂ ਵਲ

ਹਰ ਕੋਈ

ਇਸ ਲਲਚਾਈ ਨਜ਼ਰ ਨਾਲ ਦੇਖਦਾ ਹੈ

ਜਿਵੇਂ ਉਨ੍ਹਾਂ ਦੇ ਗੁਦਗੁਦੇ ਸਰੀਰਾਂ ‘ਤੇ

ਇਕ ਤੋਂ ਵਧੇਰੇ

ਗੁਪਤ ਅੰਗ ਲਗੇ ਹੋਣ ।

ਵਾਕਿਫ ਤੇ

ਅਜਨਬੀ ਆਵਾਜ਼ਾਂ ਦੇ ਅਦਿਸ ਘੇਰੇ

ਫ਼ਜ਼ਾ ‘ਚ ਹੜ੍ਹੇ ਜਾਂਦੇ ਨੇ ।

ਕਿਸੇ ਦੇ ਸਰੀਰ ਵਿਚ ਸਲੀਬ ਹੈ

ਪਰ ਇਤਨਾ ਅਸੀਲ ਹੈ

ਕਿ ਸੀਅ ਨਹੀਂ ਕਰਦਾ।

ਸ਼ਹਿਰ

ਨਵੀਂ ਵਿੱਦਿਆ

ਪੁਰਾਤਨ ਸੰਸਕ੍ਰਿਤੀ

ਹੰਢੀ ਹੋਈ ਰਾਜਨੀਤੀ

ਤੇ ਗੂੜ੍ਹ ਫ਼ਲਸਫ਼ੇ ਦਾ

ਅਖੁੱਟ ਭੰਡਾਰ ਹੈ ।

ਕੋਲੋਂ ਲੰਘਣ ਵਾਲੇ

ਇਕ ‘‘ਦੋ ਲਿੰਗੇ’’ ਨੂੰ

ਮੈਂ ਆਵਾਜ਼ ਦੇ ਕੇ ਕਹਿੰਦਾ ਹਾਂ

‘‘ਸ਼੍ਰੀ ਮਾਨ ਜੀ!

ਪਿੱਠ ‘ਤੇ ਇਤਨਾ ਬੋਝ ਚੁੱਕੀ ਫਿਰਦੇ ਹੋ,

ਪੁਸਤਕਾਂ ਦੇ ਅੱਖਰ

ਤੁਹਾਡੀ ਪਿੱਠ ‘ਤੇ ਹੀ ਤੈਰਦੇ ਫਿਰਦੇ ਨੇ

ਇਹ ਖੱਲੜੀ ਤੋਂ ਹੇਠਾਂ

ਕਿਉਂ ਨਹੀਂ ਉਤਰਦੇ ?

ਹਜ਼ਰਤ !

ਕਦੇ ਸ਼ੀਸ਼ਾ ਨਹੀਂ ਵੇਖਿਆ ?

ਤੁਹਾਡੇ ਧੜ ‘ਤੇ

ਕਿਸ ਸ਼ਰੀਫ-ਜ਼ਾਦੇ ਦਾ ਸਿਰ ਹੈ ?

ਕਾਕ ਟੇਲਾਂ ਵਿਚ

ਜਦੋਂ ਚੰਨ ਦੇ ਸਫ਼ਰ ਦੀ ਗੱਲ ਚਲਦੀ ਹੈ ।

ਯਾਰ ਲੋਕ

ਕੁਰਸੀਆਂ ‘ਤੇ ਬੈਠੇ

ਪੁਲਾੜ ‘ਚ ਉੱਡਣ ਲੱਗਦੇ ਨੇ।

ਪਰ ਅਚਿੰਤੇ

ਜਦੋਂ ਆਪਣੇ ਦੁਆਲੇ ਪੱਸਰੇ ਖ਼ਲਾਅ ਵਲ

ਨਜ਼ਰ ਉੱਠਦੀ ਹੈ

ਅੱਖ ਫੇਰੇ ਵਿਚ

ਸ਼ਹਿਰ ਦਾ ਸ਼ਹਿਰ

ਉਲਟਾ ਹੋ ਜਾਂਦਾ ਹੈ,

ਵਿੱਦਿਆ,

ਸੰਸਕ੍ਰਿਤੀ,

ਰਾਜਨੀਤੀ

ਤੇ ਫ਼ਲਸਫ਼ਾ

ਸ਼ਾਰੇ ਮਕਾਨਾਂ ਹੇਠ ਦੱਬੇ ਜਾਂਦੇ ਨੇ !

12.

ਮਖੌਟਿਆਂ ਦੀ ਨੁੰਾਇਸ਼ ਵਿਚ

ਚਿਹਰੇ ਵੀ ਹਨ

ਚਿੱਟੇ ਧੋਖੇ,

ਚਿਹਰੇ ਵੀ

ਸਾਕਾਰ ਛਲਾਵੇ ।

ਏਸ ਖ਼ਲਾਈ-ਥੱਲ ਨੂੰ

ਕਿਹੜਾ ਜ਼ਿਹਨ ਉਸਾਰਨ ਵਾਲਾ ?

ਬਿੰਦੂ ਜੇਡ ਵਿਅੱਕਤੀ ਲਈ

ਇਕ ਗੋਰਖ ਧੰਦਾ ।

ਏਸ ਖ਼ਲਾਈ-ਥੱਲ ਦੇ ਦਹਿਸਰ ਵਾਂਗ ਕਈ ਚਿਹਰੇ ਨੇ

(ਹਰ ਇਕ ਪੋਜ ... ...

ਜਿਵੇਂ ਸਿਨਮੇਂ ਦੇ ਸ਼ੋਅ-ਕੇਸਾਂ ਅੰਦਰ ਲੱਗਾ

ਨਵੀਂ ਫਿਲਮ ਦਾ

ਰੰਗ-ਬਰੰਗਾ

ਨਵਾਂ ਪੋਸਟਰ)

ਇਕ ਚਿਹਰੇ ਦੀ ਗੱਲ ਸੁਣੋਗੇ ?

(ਚਿਹਰੇ ਤੋਂ ਪ੍ਰਭਾਵ ਪੜ੍ਹ ਕੇ ... ...

ਉਸਦੇ ਆਰ ਪਾਰ ਝਾਕ ਕੇ)

ਚਿਹਰਾ

ਚਿਹਰੇ ਹੇਠਾਂ ਲੁਕਿਆ,

ਅੱਖਾਂ,

ਅੱਖਾਂ ਉਹਲੇ ਹੋਈਆਂ,

ਆਪਣੇ ਕਲਪੇ ਕੱਦ ਸਾਹਵੇਂ

ਇਹ ਬੈਠਾ ਜਾਪੇ ।

ਇਸ ਦੀਆਂ ਨਜ਼ਰਾਂ

ਜਦੋਂ ਪੁਲਾੜਾਂ ਦੇ ਵਿਚ ਭੌਂ ਕੇ

ਆ ਡਿੱਗੀਆਂ ਮੁੜ ਧਰਤੀ ਉਤੇ

ਇਸ ਦੀ ਦੇਹ ‘ਚੋਂ

ਚਿਣਗ ਜਹੀ ਭੜਕੇਗੀ ਐਸੀ

ਸਿਰ ਤੋਂ ਲੈ ਕੇ ਪੈਰਾਂ ਤੀਕਰ

ਸਣੇ ਲੀੜਿਆਂ

ਬਲ ਉੱਠੇਗਾ ।

(ਸੰਜੀਦਾ ਵਾਤਾਵਰਣ ਵਿਚ ਮੂਡ ਹੋਰ ਸੰਜੀਦਾ

ਹੋ ਜਾਂਦਾ ਹੈ)

ਪਹਿਲਾ ਚਿਹਰਾ

ਧੀਰੇ ਧੀਰੇ ਸੰਜੀਦਗੀ ਦੇ ਵਾਤਾਵਰਣ ਵਿਚ

ਅਲੋਪਪ ਹੋ ਜਾਂਦਾ ਹੈ।

ਇਕ ਹੋਰ ਚਿਹਰਾ ਨਾਟਕੀ ਅੰਦਾਜ਼ ‘ਚ

ਸਾਹਵੇਂ ਪਰਦੇ ਤੇ ਉਭਰਦਾ ਹੈ ।

ਮੂੰਹ ਤੇ ਫ਼ਿਲਾਸਫ਼ਰਾਂ ਵਾਲਾ ਮਖੌਟਾ ਹੈ ।

ਸਾਹਵਿਓਂ ਸਟੇਜ ਤੇ ਲਾਲ ਹਰੀਆਂ ਬੱਤੀਆਂ ਦੇ ਫ਼ਲੈਸ ਪੈਂਦੇ ਨੇ ।

(ਪਲੇਅ-ਬੈਕ ‘ਚੋਂ

ਉੱਚੇ ਸੁਰਾਂ ‘ਚ

ਕੁਝ ਬੋਲ ਸੁਣਾਈ ਦਿੰਦੇ ਨੇ)

ਤੁਹਾਡੇ ਧੜ ਤੇ ਸਿਰ ਨਹੀਂ

ਧੋਖਾ ਹੈ।

ਤੁਹਾਡੀ ਅੱਖ

ਖ਼ਲਾਈ ਜਹਾਜ਼ ਵਿਚ ਲਟਕਦੇ

ਕੈਮਰੇ ਦੀ ਅੱਖ ਵਿਚ ਚਲੀ ਗਈ ਹੈ ।

ਤੁਹਾਡਾ ਕੁਤ

ਇਸ ਦੇ ਖੰਭਾਂ ਨਾਲ ਲਿਪਟਿਆ

ਖ਼ਲਾਅ ‘ਚ ਉੱਡ ਰਿਹਾ ਹੈ ।

ਬੰਦ ਕਮਰੇ ‘ਚ ਬੈਠੇ

ਬਾਹਰ ਦਾ ਸ਼ੋਰ

ਤੁਹਾਡੀਆਂ ਕੱਟੀਆਂ ਰਗਾਂ ‘ਚ ਉੱਤਰਦਾ ਜਾਂਦਾ ਹੈ ।

ਕਹਿੰਦੇ ਹਨ

ਇਕ ਮਨੁੱਖ ਹੈ

ਜਿਸਦਾ ਪਿੰਜਰ ਤਾਂ ਹੈ

ਪਰ ਪੈਰ ਨਹੀਂ

ਬੁੱਤ ਤਾਂ ਹੈ

ਆਤਮਾ ਨਹੀਂ

ਵਿਚਾਰਾ ਅਪਾਹਜ

ਪ੍ਰੇਤ-ਜੂਨੀ ਤੋਂ ਘੱਟ ਨਹੀਂ ।

ਤੁਸੀਂ ਸ਼ੀਸ਼ੇ ਸਾਹਵੇਂ ਝੁਕੇ ਹੋ

ਤੁਹਾਡੇ ਉਪਰ ਉੱਡਦੇ

ਭੀੜ ਦੇ ਬੇਸੁਰੇ ਬੋਲ

ਤੁਹਾਡੇ ਅਸਤਿਤੱਵ ਨੂੰ ਨਿਗਲ ਰਹੇ ਨੇ

ਕੰਧ ਤੋਂ ਬਾਹਰ-ਨਿਪੁੰਸਕਾਂ ਦਾ ਹਜੂਮ

ਤੁਹਾਡੀ ਅਰਥੀ ਦੀ ਉਡੀਕ ਵਿਚ ਹੈ।

ਤੁਹਾਡੀ ਦੇਹ ਦਾ ਮਲਬਾ

ਇਹ ਦੁਰਲਭ ਰੇਖਾਂ ‘ਤੇ ਲਟਕਦਾ ਹੈ

ਤੁਸੀਂ ਆਪਣੇ ਆਪ ਲਈ

ਇਕ ਮਾਰੂ ਸਰਾਪ ਹੋ

ਏਸ ਕਾਲੀ ਸਦੀ ਦਾ ਧੁਆਂਖਿਆ ਪਰਛਾਵਾਂ

ਤੁਹਾਨੂੰ ਸਬੂਤਿਆਂ ਨੂੰ ਨਿਗਲ ਰਿਹਾ ਹੈ

ਤੁਸੀਂ ਖ਼ਲਾਅ-ਕੱਦ ਸਿਫ਼ਰੇ ਦੇ ਪੇਟ 'ਚ ਜਾ ਰਹੇ ਹੋ।

(ਵਕਫ਼ਾ)

ਤੁਹਾਡੇ ਬੁੱਲ੍ਹ ਤਾਂ ਹਿੱਲਦੇ ਨੇ

ਪਰ ਬੋਲ ਨਹੀਂ ਨਿਕਲਦਾ

ਹਨੇਰੇ ਵਿਚ ਹੱਥ ਪੈਰ ਤਾਂ ਮਾਰਦੇ ਹੋ

ਤੁਹਾਨੂੰ ਆਾਪਣੀ

ਕੋਈ ਉੱਘ ਸੁੱਘ ਨਹੀਂ ਲਗਦੀ

(**ਖੱਬੇ ਪਾਸਿਓਂ ਵਿਵਿਧ-ਮੁੱਖੀ ਚਿਹਰਿਆਂ ਦਾ**

ਗੋਲ-ਘੇਰਾ ਸਰਕ ਕੇ ਸਾਹਮਣੇ ਆ ਜਾਂਦਾ ਹੈ

ਉੱਚੇ ਸੁਰਾਂ 'ਚ ਬੋਲਦੀਆਂ

ਪਲੇਅ-ਬੈਕ ਅਵਾਜ਼ਾਂ)

ਇਕ ਕਾਲੀ ਨਾਗ ਹੈ

ਫ਼ੁਰਾਟਾ ਮਾਰ ਕੇ ਜਿਸਨੇ

ਕ੍ਰਿਸ਼ਨ ਦੀ ਗੋਰੀ ਦੇਹ ਝੁਲਸੀ ਸੀ।

ਇਹ ਕੌਰਵਾ ਪਾਂਡਵਾਂ ਦੇ ਵੇਲੇ ਦਾ

ਪੂਜਨੀਯ ਪ੍ਰਸਾਰ ਰਿਸ਼ੀ ਹੈ

ਬੇੜੀ ਵਿਚ

ਮਲਾਹ ਦੀ ਕੁੜੀ

ਜਿਸਦੀ ਦਾ ਝੁਲਕਾ ਬਣੀ ਸੀ।

ਇਹ ਇੱਕ ਉਟਾ-ਵਿਅੱਕਤੀ ਹੈ

ਜਿਸਦੀ ਕਾਮ-ਭੁੱਖ

ਗੁੰਝਲ ਖਾ ਕੇ

ਜਿਸਦੇ ਜ਼ਿਹਨ ‘ਚ ਚਲੀ ਗਈ ਹੈ

ਤੇ ਭਰਪੂਰ ਵਿਅੱਕਤੀ ਦੀ ਸਿਰਜਣਾ ਦਾ ਸੰਕਲਪ

ਸਾਹਵੇਂ ਖ਼ਲਾਅ ‘ਚ ਉਲਟਾ ਲਟਕਦਾ ਹੈ।

ਇਹ ਉਹ ਗਊ ਭਗਤ ਹੈ

ਜੋ ਸਬੂਤਾ ਮਨੁੱਖ ਨਿਗਲ ਕੇ

ਸ਼ਹਿਰ ਦੀ ਮੰਡੀ ‘ਚ ਗਊ ਰਖ਼ਸ਼ਾ ਲਈ

ਮਰਨ ਬਰਤ ਛੋਹ ਬੈਠਾ ਹੈ ।

ਇਹ ਹੱਥ ਪੈਰ ਨੂੜੈ

ਹਬਸ਼ੀਆ ਦਾ ਜਲੂਸ।

ਔਹ ਅਲਫ ਨੰਗੀਆਂ ਤੀਵੀਆਂ ਦਾ

ਚੁੰਬਕੀ ਤਮਾਸ਼ਾ ।

ਔਹ ਕੁਝ ਔਂਤ ਨੇ

ਪ੍ਰੇਤ ਬਣ ਕੇ

ਜੋ ਆਪਣਾ ਭੂਤ ਕਾਲ ਭੋਗਦੇ ਨੇ ।

ਇਹ ਇਸਤਰੀ ਦੇ

ਟੈਂਟ ਵਾਂਗ ਫੁੱਲੇ ਹੋਏ ਥਣ ਨਾਲ ਲਟਕਦਾ

ਹਿਰਸੀ-ਬੁੱਢਾ ਹੈ

ਜਵਾਨ ਮਾਂ ਦਾ ਜਵਾਨ ਮਾਂ ਦਾ ਦੁੱਧ ਵੀ

ਜਿਸਦੇ ਸੁੱਕੇ ਹੋਏ ਹੱਡਾਂ ਨੂੰ

ਹਰਾ ਨਹੀਂ ਕਰ ਸਕਦਾ ।

(ਇਤਨੇ ਵਿਚ ਕੁਝ ਅਮੂਰਤ ਚਿਹਰੇ

ਗੋਲ-ਚੱਕਰ ਵਿਚ ਸਰਕ ਕੇ

ਸਾਹਵੇਂ ਆ ਜਾਂਦੇ ਨੇ)

ਇਹ ਚਿਹਰੇ ਪਲ ਹਨ !

ਇਹ ਚਿਹਰੇ ਘੜੀਆਂ !

ਇਹ ਦਿਨ ਹਨ

ਤੇ ਐਹ ਸਾਲ !

ਇਹ ਭੂਤ ਕਾਲ ਦਾ ਮਖੌਟਾ ਹੈ !

ਇਹ ਵਰਤਮਾਨ

ਤੇ ਐਹ ਭਵਿੱਖਤ ਦਾ !

ਪਰ ਸਮੇਂ ਦੀ ਨਿਰੰਤਰ ਗਤੀਵਾਲਾ

ਕੋਈ ਜੀਊਂਦਾ-ਚਿਹਰਾ ਵੀ ਹੈ ?

(ਸੰਬੋਧਨੀ ਆਵਾਜ਼ ਦੇ ਸੁਰ ਹੋਰ ਉੱਚੇ ਹੋ ਜਾਂਦੇ ਨੇ)

ਤਾਸ਼ ਤੇ ਸ਼ੰਤਰੰਜ ਦੇ ਖਿਡਾਰੀਓ !

ਮੈਂ

ਦੁੱਕੀ, ਤਿੱਕੀ

ਪੰਜੀ, ਸੱਤੀ

ਫੀਲਿਆਂ ਪਿਆਦਿਆਂ

ਤੇ ਘੋੜਿਆ ਦੀ ਗੱਲ ਨਹੀਂ ਕਰਦਾ

(ਉਹ ਲੜਦੇ ਤੇ ਮਰਦੇ ਹਨ)

ਮੈਂ ਵਿਵਧ ਮੁਖੀ ਚਿਹਰਿਆ ਦੀ ਓਟ ਵਿਚ

ਤੁਹਾਡੀ ਨਿਪਸੁੰਕਤਾ ਦੀ ਗੱਲ ਕਰਦਾ ਹਾਂ ।

ਨਿਪੁੰਸਕ

ਜ਼ਿੰਨਾਂ ਦੀ ਆਪਣੀ ਕੋਈ ਹੋਂਦ ਨਹੀਂ,

ਜਿੰਨ੍ਹਾਂ ਦੀ ਆਪਣੀ ਕੋਈ ਸੋਚ

ਕੋਈ ਚਿਹਰਾ

ਕੋਈ ਆਵਾਜ਼ ਨਹੀਂ,

ਜਿੰਨ੍ਹਾਂ ਦਾ ਆਚਾਰ ਤੇ ਕਿਰਦਾਰ

ਨਿਰੋਲ ਕਠਪੁਤਲੀਆਂ ਵਾਲਾ ਹੈ,

ਜੋ ਸਮੇਂ ਦੀ ਨਿਰੰਤਰ ਗਤੀ ਨਾਲੋਂ ਟੁੱਟ ਕੇ

ਬਦ-ਹਵਾਸ ਘੜੀਆਂ ਦੇ ਡਾਇਲਾਂ ਦੇ

ਖਲੋਤੇ ਅੱਖਰ ਬਣ ਕੇ ਰਹਿ ਗਏ ਹਨ ।

ਮਖੌਟਿਆਂ ਦੇ ਜਲੂਸ ਦੀ ਆਖਰੀ-ਝਾਕੀ

ਨੁੰਾਇਸ਼ ਦੇ ਅਗਲੇ ਪੜਾਅ ਤੇ

(ਆਰਥਕ ਤੇ ਰਾਜਨੀਤਕ ਅਧੋਗਤੀ ਦੇ

ਅਤੀ ਸੰਕਟ-ਕਾਲੀ ਛਿਣ)

{ ਇਕ ਤੀਬਰ ਨਾਟਕੀ ਦਸ਼ਾ)

ਭੁੱਖੀਆਂ ਆਵਜ਼ਾਂ ਦੇ ਚਿਹਰੇ

ਸ਼ੁਲਗ ਰਹੇ ਨੇ

ਤਰਲੋ ਮੱਛੀ ਹੁੰਦੀਆਂ ਅੱਖਾਂ ਦੀ

ਇਕ ਸੰਘਣੀ ਭੀੜ ਜੁੜੀ ਹੈ

ਹਾਬੜਿਆਂ ਢਿੱਡਾਂ ਦੀ

ਅਜਬ ਨੁੰਾਇਸ਼ ਲੱਗੀ ।

ਚਾਰ ਚੁਫੇਰੇ

ਤਣੀਆਂ ਹੋਈਆਂ

ਕਾਲੀਆਂ ਕੰਧਾਂ ਨੂੰ ਅੱਗ ਲੱਗੀ

ਵਿਚ ਖ਼ਲਾਅ ਦੇ ਉੱਡਣ ਲਾਟਾਂ

ਅਤੇ ਸਮੁੰਦਰ ਖ਼ੌਲ ਰਿਹਾ ਹੈ !

ਭੁੱਖੇ ਢਿੱਡਾਂ ਵਿਚੋਂ ਜਿਹੜਾ

ਬਲਦਾ ਬਲਦਾ ਬੋਲ ਨਿਕਲਦਾ

ਬਾਹਰ ਆ ਕੇ

ਹੋਰ ਤਰ੍ਹਾਂ ਦੀਆਂ ਅਵਾਜ਼ਾਂ ਵਿਚ

ਡੁੱਬ ਜਾਂਦਾ ਹੈ

ਕੋਈ ਖ਼ਲਾਈ-ਹਉਕਾ ਉਸਨੂੰ

ਚੱਟ ਜਾਂਦਾ ਹੈ

(ਰੁਸ਼ਟਤਾ ਦੇ ਵਾਤਾਵਰਣ ਵਿਚ ਇਕ

ਉਰਦੂ ਸ਼ਿਅਰ ਗੁਣਗੁਣਾਂਦਾ ਹੈ}

ਯੇਹ ਦਸਤੂਰੇ ਜਬਾਂ ਬੰਦੀ

ਹੈ ਕੈਸਾ ਤੇਰੀ ਮਹਿਫ਼ਲ ਮੇਂ ?

ਯਹਾਂ ਤੋ ਬਾਤ ਕਰਨੇ ਕੋ

ਤਰਸਤੀ ਹੈ ਜ਼ਬਾਂ ਮੇਰੀ।"

(ਬਾਹਰ ਵਰਤੀ ਸਥਿਤੀ ਦੇ ਪ੍ਰਤੀ ਕ੍ਰਮ ਵਜੋਂ ਪਹਿਲੇ

ਛਿਯ ਅੰਤਰ ਮੁਖੀ ਹੋ ਕੇ , ਫੇਰ ਅੰਦਰ ਵਰਤੀ ਪ੍ਰਤੀ-

ਕਿਰਿਆ ਵਜੋਂ ਅਗਲੇ ਛਿਣ ਬਾਹਰ ਵਰਤੀ ਹੋ ਕੇ)

{ਵਰਤਮਾਨ ਅਧੌਗਤੀ ਦਵਾਰਾ

ਜ਼ੋਰਦਾਰ ਝਟਕਾ ਖਾ ਕੇ}

ਸ਼ਾਡੇ ਘਰ ਦੇ ਵਿਹੜੇ ਦੇ ਵਿਚ

ਇਕ ਸਿੰਬਲ ਹੈ

ਜਿਸਦਾ ਕੱਦ ਤਾਂ ਪਰਬਤ ਜੇਡਾ

ਜਿਸ ਦੇ ਫਲ ਪਰ

'ਸਿਫ਼ਰ' ਬਰਾਬਰ ।

ਫੁੱਲ ਨਿਕਲਦੇ

ਫੁੱਲ ਝੜ ਜਾਂਦੇ ।

(ਇਕ ਡੂੰਘਾ ਹਉਕਾ ਭਰ ਕੇ

ਅੱਖਾਂ ਮਲਦਾ ਹੋਇਆ)

ਇਹ ਸਿੰਬਲ

ਕਾਗ਼ਜ਼ ਦਾ ਸਿੰਬਲ

ਕਿਸੇ ਨਿੰਪੁਸਕ ਬੰਦੇ ਵਰਗੀ

ਇਸ ਦੀ ਹੋਣੀ ।

ਦਿਨ ਵੇਲੇ ਇਸ ਦਾ ਸਾਇਆ

ਵੱਢ ਵੱਢ ਖਾਵੇ

ਰਾਤੀ ਬਣ ਕੇ ਭੂਤ ਡਰਾਵੇ

ਏਸ ਨਿਪੁੰਸਕ ਰੁੱਖ ਨੂੰ ਕੱਟ ਕੇ

ਵਿਹੜੇ ਦੇ ਵਿਚ

ਹੋਰ ਨਵਾਂ ਰੁੱਖ ਲਾਵਣ ਬਾਰੇ

ਸੋਚ ਰਿਹਾ ਹਾਂ।

13.

ਸ਼ਟੇਜ ਬਦਲ

ਤੇ

ਪਿੱਠ-ਭੂਮੀ

ਬਦਲ

(ਇਥੇ ਪਿੱਠ-ਭੂਮੀ ਰਾਸ਼ਟਰ ਦੀ ਥਾਂ

ਅਫ਼ਰੇਸ਼ੀਆਈ ਹੋ ਗਈ ਹੈ)

ਸਾਹਵੇਂ

ਖ਼ਲਾਅ 'ਚ

ਮੈਫ਼ਿਸਟੋਫ਼ਲੀ ਤਣਿਆ ਖਲਾ ਹੈ ।

ਹੇਠਾਂ

ਭੁਗੋਲੇ ਦੇ ਉੱਤੇ

ਇਸਦਾ ਜ਼ਹਿਰੀਲਾ-ਪਰਛਾਵਾਂ

ਗਿਰਝਾਂ ਵਰਗੇ

ਅੱਤ ਡਰਾਉਣੇ

ਬੋਝਲ ਖੰਭ ਖਿਲਾਰੀ ਬੈਠਾ ।

ਛਾਇਆ ਓਹਲੇ ਭਾਂਬੜ ਧੁਖਦੇ

ਹੱਡ ਸੁਲਗਦੇ

ਅਫ਼ਰੀਕਾ ਦੇ ਜੰਗਲ ਬਲਦੇ

ਵਿਚ ਖ਼ਲਾਅ ਦੇ

ਦੱਬੇ ਘੁੱਟੇ ਮਿੱਧ ਹੋਏ

ਸਾਹਾਂ ਦੇ ਚੰਗਿਆੜੇ ਉੱਡਦੇ ।

ਇਹ ਹਨ ਕਿਸ /ਆਦਮ ਦੇ ਬੇਟੇ ?

ਕਿਹੜੀ ਹੱਵਾ ਦੀ ਮਿਥਿਹਾਸਕ ਕੁੱਖੋਂ ਜੰਮੇਂ ?

ਕਿਸ ਅੰਜੀਲ ਨੇ

ਆਦਿ-ਸ਼ਬਦ ਦਾ ਚੋਗਾ ਦੇਕੇ

ਗੋਦੀ ਪਾਲੇ ?

ਗਲ ਵਿਚ ਸਿਰੀਆਂ

ਪਿੱਠ 'ਤੇ ਲੋਥਾਂ

ਨਾਲ ਨਾਲ ਹੀ

ਸਿਰ ਤੇ ਈਸਾ ਚੁੱਕੀ ਫਿਰਦੇ {

ਕਿਉਂ ਇਹਨਾਂ ਦੇ ਭੁੱਖੇ ਜੁੱਸੇ

ਅੱਗ ਉੱਗਲਦੇ ?

ਭੁੱਖੀ ਨੀਅਤ

ਜੀਊਂਦੇ ਧੜ ਤੇ ਸੀਸ ਨਿਗਲਦੀ ?

ਹਰ ਵੇਲੇ ਤੇ ਕਿਉਂ ਭਾਵ ਇਨ੍ਹਾਂ ਦੇ

ਭੂਗੋਲੇ ਤੇ

ਬਲਦੀ ਅੱਗ ਦੀਆਂ

ਉੱਚੀ ਉੱਚੀ ਗੱਲਾਂ ਕਰਦੇ ?

14.

ਕਾਸਮੋਪਾਲੀਟਨ– ਸ਼ਹਿਰ ਦਾ ਫ਼ਲੈਸ਼ ਚਿੱਤਰ

(ਪ੍ਰਭਾਵਵਾਦੀ ਕੋਨੇ ਤੋਂ)

ਸ਼ਹਿਰ ਜਲ ਰਿਹਾ ਹੇ।

ਝੁਲਸੀਆਂ ਚੀਖਾਂ ਦੇ ਫੈਲਦੇ ਹੋਏ ਘੇਰਿਆਂ ਵਿਚ

ਮਨੁੱਖ ਸੁਕੜ ਰਹੇ ਨੇ ।

ਅੱਗ ਫੈਲਦੀ ਹੈ

ਹਲਕੇ ਹੋਏ ਭਾਂਬੜ

ਮਕਾਨਾਂ ਵਲ ਝਪਟਦੇ ਨੇ,

ਛੱਤਾਂ

ਬੂਹਿਆਂ

ਖਿੜਕੀਆਂ ਨੂੰ ਅੱਗ ਪੈ ਚੁੱਕੀ ਹੈ ।

ਦਿਲ ਹਿਲਦੇ

ਮਨ ਸ਼ਹਿਤੀਰਾਂ ਵਾਂਗ ਤਿੜਕਦੇ ਨੇ ।

ਧੂੰਏਂ ਵਿਚ ਫੇਫੜੇ

ਮੋਟਰ ਦੇ ਟਾਇਰਿਾਂ ਵਾਂਗ

ਫਟਣ ਨੂੰ ਕਰਦੇ ਨੇ ।

ਸ਼ਾਹ ਘੁਟਦਾ ਹੈ,

ਮੌਤ ਛਿਣਦੀ ਵਿੱਥ ‘ਤੇ ਬੈਠੀ ਦਿਸਦੀ ਹੈ ।

ਹਰ ਕੋਈ ਅੱਗ ਦੀ ਗੱਲ ਕਰਦਾ ਹੈ

ਪਰ ਅੱਗ ਬੁਝਾਵਣ ਦੀ ਗੱਲ ਨਹੀਂ ਕਰਦਾ ।

ਸ਼ਹਿਰ ਜਲ ਰਿਹਾ ਹੈ

ਪਰ ਜਲੀ ਹੋਈ ਰੱਸੀ ਵਾਂਗ

ਇਸ ਦਾ ਵੱਟ ਨਹੀਂ ਗਿਆ ।

15.

ਸ਼ਹਿਰ ਵਿਚ

ਇਕ ਮਖੌਟਾ ਲੱਥੇ ਚਿਹਰੇ ਦੇ ਬੋਲ

(ਚਿਹਰੇ ਤੇ ਉਮਰ ਦੀ ਬਜ਼ੁਰਗੀ ਦੇ ਚਿੰਨ੍ਹ

ਸ਼ਾਫ਼ ਉਭਰੇ ਦਿਸਦੇ ਨੇ)

ਇਹ ਖ਼ਲਾਈ ਯੁਗ ਦੀ ਲੜਾਈ

ਮਹਾਂ ਭਾਰਤ ਦੀ ਲੜਾਈ ਨਹੀਂ !

ਪੁਰਾਤਨ ਵਿਧੀ ਨਾਲ ਨਹੀਂ

ਆਧੁਨਿਕ ਹਥਿਆਰਾਂ ਨਲ ਲੜੀ ਜਾਂਦੀ ਹੈ।

ਇਹ ਰੱਬ

ਅਰਜਨ ਦਾ ਨਹੀਂ,

ਰਾਕਸ਼ਸਾਂ ਦਾ ਹੈ !

ਜਿਸਦੀ ਛਾਯਾ ਨਾਲ

ਹਰ ਸਿਰਜਣਾ-ਸਰਾਪੀ ਜਾਂਦੀ ਹੈ ।

ਔਹ ਅਸਮਾਨ 'ਚ ਉੱਡਦੇ ਹੱਡ

ਭੀਮਸੈਣ ਦੇ ਭੁਆਏ ਹਾਥੀਆਂ ਦੇ ਨਹੀਂ,

ਮਨੁੱਖਾਂ ਦੇ ਨੇ ।

ਕੌਰਵਾਂ ਦੀ ਕੁਟਲ ਨੀਤੀ ਦੇ ਵਿਹੁ-ਵੱਕਰ ਤੋਂ

ਸੁਦਰਸ਼ਨ ਚੱਕਰ ਦਾ ਟਪਲਾ ਨਾ ਖਾਵੋ !

ਇਹ ਸੈਨਿਕ ਯੋਧੇ ਨਹੀਂ !

ਲਾਦੂ ਪਸ਼ੂ ਨੇ

ਅਸੂਲ ਲਈ ਨਹੀਂ

ਭਾੜੇ ਲਈ ਲੜਦੇ ਨੇ ।

16

ਕੁਝ ਦੇਰ ਰੁਕ ਕੇ ... ...

ਦੂਜੀ ਆਵਾਜ਼

(ਸਥਾਨ ਬਦਲ ਕੇ ਪ੍ਰਭਾਵ ਬਦਲ)

ਏਸ ਖ਼ਲਾਅ ਵਿਚ

ਉਲਝੇ ਲੋਕੀਂ

ਸਾਗਰ ਤੇ ਸ਼ੀਸ਼ੇ ਦੀਆਂ

ਮੁੜ ਮੁੜ ਗੱਲਾਂ ਕਰਦੇ ।

ਸਾਗਰ ਤੇ ਸ਼ੀਸ਼ੇ ਦੀਆਂ ਮੁੜ ਮੁੜ ਗੱਲਾਂ ਕਰਕੇ

ਆਪਣੀ ਨਾਕਾਮੀ ਦਾ ਚਰਚਾ

ਛੇੜ ਰਹੇ ਨੇ

ਆਪਣੀ ਦੁਰਬਲਤਾ ਦਾ ਰਾਗ

ਅਲਾਪ ਰਾਗ ਰਹੇ ਨੇ।

ਸ਼ੀਸ਼ੇ ਤੇ ਸਾਗਰ ਦੀ ਵਿੱਥਿਆ

ਇਕ 'ਪਰੀ' ਤੇ

'ਦੇਅ' ਦੀ ਵਿੱਥਿਆ

ਸ਼ੀਸ਼ੇ ਤੇ ਸਾਗਰ ਦਾ ਰੋਣਾ

ਸਭ ਜਣਿਆਂ ਦੀ

ਸਾਂਝੀ ਮਜ਼ਬੂਰੀ ਦਾ ਰੋਣਾ ।

ਸ਼ੀਸ਼ੇ ਤੇ ਪਾਣੀ ਦੇ ਉਹਲੇ

ਇਜ ਖ਼ਾਮੋਸ਼ ਜਹੀ

ਹੱਲ ਚਲ ਹੈ

ਇਹਨਾਂ ਦੀ ਦੁਰਬਲਤਾ ਭਾਣੇ

ਸਾਗਰ ਦੇ ਪਾਣੀ ਉਹਲੇ, ਪਰ

ਇਕ ਲੁਕਿਆ ਹੋਇਆ

ਮਾਰੂਥਲ ਹੈ ।

ਨਾ ਸ਼ੀਸ਼ਾ

ਪਾਣੀ ਪੀ ਸਕੇ

ਨਾ ਸ਼ੀਸ਼ਾ

ਪਾਣੀ ਪੀ ਸਕੇ

ਚੁੱਪ ਜੇਡੀ ਸਾਗਰ ਦੀ ਕਾਇਆਂ

ਅੱਖ ਜੇਡਾ

ਸ਼ੀਸ਼ੇ ਦਾ ਚਿਹਰਾ ।

ਪਰ ਇਹਨਾਂ ਦੋਹਾਂ ਵਿਚ

ਕਿਹੜੇ ਚਿੰਨ੍ਹ ਸਾਂਝੇ ਹਨ ?

ਦੇਖਣ ਵਾਲੀ ਅੱਖ ਨਹੀਂ ਹੈ ।

ਕਿੰਜ ਸ਼ੀਸ਼ੇ ਦੇ ਉਹਲੇ

ਸਾਗਰ ਲੁਕ ਜਾਂਦਾ ਹੈ,

ਕਿੰਜ ਸਾਗਰ ਦੇ ਪਾਣੀ ਦੇ ਉਹਲੇ

ਤਰਲ ਹੀਣ ਤੇ ਖ਼ੁਸ਼ਕ ਜਿਹਾ

ਸ਼ੀਸ਼ੇ ਦਾ ਪਾਣੀ ਛੁਪ ਜਾਂਦਾ ਹੈ ?

ਸੋਚਣ ਵਾਲਾ

ਜ਼ਿਹਨ ਨਹੀਂ ਹੈ ।

17

ਤੀਸਰੀ ਆਵਾਜ਼

(ਪੋਜ ਬਦਲ ਕੇ – ਝਾਕੀ ਬਦਲ ਕੇ)

ਇਕ ਯੁਗ ਉਲਟਾ

ਤੇ ਇਸਦੀ ਹਰ ਇਕ ਸ਼ੈ ਉਲਟੀ

ਉਲਟੀ ਸੋਚ ਉਸਾਰਨ ਵਾਲੇ

ਬੰਦੇ ਉਲਟੇ

ਤੇ ਬੰਦਿਆਂ ਦੀ

ਦ੍ਰਿਸ਼ਟੀ ਉਲਟੀ ।

2

‘ਇਤਿਹਾਸ

ਮਨੁੱਖ ਦਾ ਲੰਮਿਆਇਆ ਪਰਛਾਵਾਂ ਹੈ’

ਮੈਂ ਇਸ ਕਥਨ ਨਾਲ

ਸਹਿਮਤ ਨਹੀਂ ।

ਇਤਿਹਾਸ

ਬਦੀ, ਘਿਰਣਾ

ਜਬਰ ਤੇ ਲੁੱਟ ਖਸੁੱਟ ਦਾ

ਹਰ ਛਿਣ

ਛਾਲਾਂ ਮਾਰ ਕੇ

ਵਧ ਰਿਹਾ ਪਰਛਾਵਾਂ ਹੈ ।

(ਮਨੁੱਖ

ਮਨੁੱਖ ਦੇ ਹੱਡ ਪੀਂਹਦਾ ਹੈ

ਮਨੁੱਖ

ਮਨੁੱਖ ਨੂੰ ਖਾਂਦਾ ਹੈ)

ਇਸ ਛਾਲਾਂ ਮਾਰ ਕੇ

ਵਧ ਰਹੇ ਪਰਛਾਵੇਂ ਸਾਹਵੇਂ

ਮੇਰੇ ਵਿਚਲਾ ਮਨੁੱਖ

ਛਿਣ ਛਿਣ

ਪਲ ਪਲ

ਸੁਕੜਦਾ. ਸੁਕੜਦਾ

‘ਸਿਫਰ’ ਬਣ ਰਿਹਾ ਹੈ।

ਇਤਿਹਾਸ ਦੇ ਵਧ ਰਹੇ ਲੜਾਂ ਵਿਚ

ਮਨੁੱਖ ਦਾ ਸੁਕੜਨਾ

ਅਜੀਬ ਮਜ਼ਾਕ ਹੈ !

ਅਪਣੇ ਕੱਲ੍ਹ ਦੇ ਕਥਨ ਵਿਚ

ਮੈਨੂੰ ਅਜ ਦਾ ਇਤਿਹਾਸਕਾਰ

ਉਲਟਾ ਦਿਸਦਾ ਹੈ ।

ਫ਼ਾਈਡਰਸ ਕਹਿੰਦਾ ਹੈ

‘‘ਮੈਨੂੰ ਆਸ਼ਕਾਂ ਦੀ ਸੈਨਾਂ ਦੇਵੋ

ਮੈਂ ਇਕ ਦਿਨ ਵਿਚ

ਦੁਨਿਆ ਜਿੱਤ ਸਕਦਾ ਹਾਂ ।‘‘

ਇਹ ਕਥਨ ਸੁਆਦਲਾ ਤਾਂ ਹੈ

ਪਰ ਅਜੋਕੇ ਕਠੋਰ ਯੁਗ ਵਿਚ

ਇਹ ਆਦਰਸ਼ ਵੀ

ਖ਼ਲਾਅ ‘ਚ ਲਟਕਦਾ

ਉਲਟਾ ਸੁਪਨਾ ਹੈ ।

ਹਾਂ ਸੁਕਰਾਤ ਦਾ ਕਹਿਣਾ

‘ਮੇਰੀ ਥਾਂ ਸ਼ੀਸ਼ੇ ਵਿਚ ਪਸ਼ੂ ਹੈ’

ਅਜੇ ਤੀਕ ਵੀ ਪੱਥਰ ਤੇ ਲੀਕ ਹੈ ।

ਸ਼ੁਕਰਾਤ ਮਰਦਾ ਹੈ

ਪਰ ਡਰਦਾ ਨਹੀਂ

ਢਾਈ ਹਜ਼ਾਰ ਵਰ੍ਹੇ ਪਹਿਲਾਂ ਮੋਇਆ ਚੁੰਬਕੀ ਮਨੁੱਖ

ਮੇਰੀ ਮਿੱਟੀ ਉਹਲੇ

ਅਜ ਵੀ ਸਵਾਸ ਲੈਂਦਾ ਹੈ ।

ਤਬਾਹੀ ਤੋਂ ਡਰ ਕੇ

ਮੈਂ ਤੋਂ ਜੇਲ ਤੋਂ ਦੌੜਨਾ ਨਹੀਂ ਚਾਹੁੰਦਾ

ਬਕਰੇ ਦਾ ਗਲ

ਤਲਵਾਰ ਦੀ ਅਮਾਨਤ ਹੈ

ਅਤੇ ਖੱਲ

ਛੁਰੀ ਦਾ ਭੋਜ ਹੈ ।

ਓਹ ਤੁਸੀਂ ਐਪੀਕੀਊਰੀਅਸ ਹੋ !

ਤੁਹਾਡੀ ਮਾਂ

ਆਪਣੇ ਨਿਰਬਾਹ ਲਈ

ਚਿਮਟੇ ਨਾਲ

ਮੈਂ ਪਰਾਏ-ਭੂਤ ਕੱਢਦੀ ਦੇਖੀ ।

ਤੁਸੀਂ ਖ਼ਲਾਅ ਉਪਜਣ ਦਾ ਕਾਰਣ ਨਹੀਂ

ਇਸ ‘ਚੋਂ ਨਿਕਲਣ ਦਾ ਰਾਹ ਲਭਦੇ ਹੋ

ਤੁਹਾਡਾ ਵੇਸਵਾ-ਵਿਦਿਆਲਾ

ਮੈਂ ਦੇਖਿਆ ਹੈ

ਪੱਧਰ ਕਾਫ਼ੀ ਉੱਚਾ ਹੈ

ਜ਼ਿੰਦਗੀ ਹੈ, ਉਲਝਣਾਂ ਹਨ

ਸਫ਼ਰ ਤੇ ਸੰਘਰਸ਼ ਹੈ,

ਪਰ ਤੁਸੀਂ

ਨੰਗੀਆਂ- ਤ੍ਰੀਮਤਾਂ ‘ਚ ਉਲਟੇ ਦਿਸਦੇ ਹੋ !

“ਮੈਂ ਪੀੜਤ ਹਾਂ !

ਇਸੇ ਲਈ ਜੀਵਤ ਹਾਂ ।“

ਨਾਜਾਇਜ਼ ਬੱਚੇ ਜਨਣ ਵਾਲੇ ਦੀ ਨਜ਼ਰ ਵਿਚ

ਰੱਬ ਅਤੇ ਜੂਮੈਟਰੀ ਵਿਚ

ਕੋਈ ਅੰਤਰ ਨਹੀਂ ।

ਅਜੀਬ ਫ਼ਲਸਫ਼ਾ ਹੈ !

ਮੈਨੂੰ

ਦਲੀਲ ਦੀ ਭਾਸ਼ਾ ਤਾਂ ਸਮਝ ਪੈਂਦੀ ਹੈ,

ਪਰ ਜੂਮੈਟਰੀ ਦਾ ਰੱਬ ਬਨਣ ਦਾ ਫ਼ਾਰਮੂਲਾ

ਸਮਝ ਨਹੀਂ ਆਇਆ ।

ਹਜ਼ਰਤ !

ਤੁਹਾਡੀ ਪਲਾਸਟਕ ਦੀ ਜਿਲਦ

ਮੈਂ ਦੇਖ ਲਈ ਹੈ !

ਤੁਸੀਂ ਸ਼ਰਾਬ ਪੀ ਕੇ

ਧਰਮ, ਅਰਥ ਤੇ ਰਾਜਨੀਤੀ ਨੂੰ

ਆਤਮੀ ਸ਼ੀਸ਼ੇ ‘ਚੋਂ ਦੇਖਦੇ ਹੋ ?

ਸਿੱਧ ਹੋ ਗਿਆ

ਇਕੋ ਸਮੇਂ

ਇਨ੍ਹਾਂ ਤਿੰਨਾਂ ਵਿਚ ਤੁਸੀਂ ਵੀ ਉਲਟੇ ਹੋ

ਇਨ੍ਹਾਂ ਤਿੰਨਾਂ ਨੂੰ

ਤੁਸੀਂ ਵੀ

ਪਰਾਈਆਂ ਤੀਵੀਆਂ ਵਾਂਗ ਭੋਗਦੇ ਹੋ ।

18

ਰੀਵਾਲਵਿੰਗ ਸਟੇਜ ਤੇ

(ਆਖ਼ਰੀ ਤੇ ਸਭ ਤੋਂ ਵਧ ਚਿੰਤਾਜਨਕ ਆਵਾਜ਼)

ਖ਼ਲਾਅ ‘ਚ ਲਟਕਦਾ

ਨਿੰਪੁਸਕ ਨਗਰ

ਖ਼ਲਾਅ ਦੇ ਜਬਾੜੇ ‘ਚ ਹੈ ।

ਮਨੁੱਖੀ ਮਖੌਟਿਆਂ ਉਹਲੇ

ਲੁਕ ਕੇ ਬੈਠਣ ਵਾਲੇ

ਪਰਾਏ ਲਿਬਾਸਾਂ ‘ਚ ਵੀ

ਅਲਫ਼ ਨੰਗੇ ਨੇ ।

ਦੁਪਾਸੀ ਭਾਂਬੜ ਨੇ

ਵਿਚਾਲੇ ਖ਼ਤਰੇ ‘ਚ ਘਿਰੀ ਦੁਨੀਆਂ

ਭਕਾਨੇ ਵਾਂਗ

ਪਲ ‘ਚ ਫੈਲਦੀ

ਪਲ ‘ਚ ਸੁਕੜਦੀ ਹੈ ।

ਖ਼ਲਾਅ ‘ਚ ਉੱਡਦੇ ਪ੍ਰਮਾਣੂੰ ਨੂੰ

ਬੇਜਾਨ ਮਾਦਾ ਨਾ ਸਮਝੋ

ਅਸੀਂ ਸਾਰੇ

ਇਸੇ ਮਗਰ ਮੱਛ ਦੇ ਜਬਾੜੇ ‘ਚ ਹਾਂ ।

ਦੂਰ ਮਾਰ ਐਨਕਾਂ ‘ਚੋਂ ਦੇਖੋ !

ਏਸ਼ੀਆ, ਅਫ਼ਰੀਕਾ

ਇਕੋ ਦਿਸ਼ਾ ਵਲ ਲੁੜ੍ਹਕਦੇ ਜਾਂਦੇ ਨੇ ।

ਭੁੱਖ ਹੈ,

ਲੁਟ ਹੈ,

ਸੱਪਾਂ ਦੇ ਵਿਸ ਘੋਲਦਾ ਕਾਲੇ ਬਾਜ਼ਾਰ ਹਨ ।

ਨਜ਼ਰ-ਹੀਣ ਤੇ

ਦਿਸ਼ਾ-ਹੀਣ

ਸਮਾਜਵਾਦੀ ਨਾਅਰਿਆ ਦੀਆਂ

ਕੰਨ ਪਾੜਦੀਆ ਝੁੰਜਲਾਈਆਂ ਚੀਖ਼ਾਂ ਹਨ ।

ਆਜ਼ਾਦੀ ਦੀ ਰੰਗੀ ਹੋਈ ਖੱਲ ਹੇਠ

ਗ਼ੁਲਾਮੀ ਦਾ ਹਲਕਿਆ– ਬਘਿਆੜ

ਹੰਬੜੂ–ਹੰਬੜੂ ਕਰਦਾ ਫਿਰਦਾ ਹੈ ।

ਵਾਸ਼ਿੰਗਟਨ ‘ਚ ਬੈਠਿਆਂ

ਵ੍ਹਾਈਟ ਹਾਊਸ ਦੀਆਂ ਟੈਲੀਵੀਯਨਾਂ ਲਈ

ਦੂਰ ਦੇਸ਼ਾਂ ‘ਚ ਹੁੰਦੀ ਗੜੇ ਮਾਰ

ਬੜੀ ਰੁਮਾਂਟਿਕ ਜਾਪਦੀ ਹੈ ।

ਯੂਰਪ ਬੈਠਿਆਂ

ਅਫਰੀਕਾ ‘ਚ ਖਿੱਲਾਂ ਹੁੰਦੇ ਹਬਸ਼ੀ

ਬੜੇ ਨਾਟਕੀ ਲਗਦੇ ਨੇ ।

ਆਲੇ ਦੁਆਲੇ ਵਲ

ਘੂਰ ਘੂਰ ਕੇ ਕੀ ਵਿੰਹਦੇ ਹੋ ?

ਤੁਹਾਡੇ ਅਰਥਾਂ ਤੋਂ ਉਹਲੇ ਹੋ ਕੇ

ਤੁਹਾਡਾ ਮਖੌਟਾ

ਖ਼ਲਾਅ ‘ਚ ਦਮ ਤੋੜਦਾ ਹੈ

ਚੇਤਨਾ ਜੰਮ ਗਈ ਹੈ

ਗਤੀ ਰੁਕ ਗਈ ਹੈ

ਅਤੇ ਤੁਸੀਂ

ਛਿਣਾਂ ‘ਚ ਕੁਰ ਕੇ

ਖ਼ਲਾਅ ‘ਚ

ਬੇਨਿਸ਼ਾਨ ਹੋ ਰਹੇ ਹੋ ।

ਮੰਨਦਾ ਹਾਂ

ਪੁਲਾੜ ‘ਚ ਉੱਡਦੇ ਵਿਮਾਣਾਂ ਤੋਂ

ਹੁਣ ਨਖਸ਼ੱਤ੍ਰ

ਭਾਵੇਂ ਦੂਰ ਨਹੀਂ ਮਨੁੱਖੀ ਹੋਣੀ ਦੇ ਅਰਥ

ਕਿਸ ਅਰੜ-ਪੋਪੋ ਦੀ ਮੁੱਠੀ 'ਚੋਂ ਲੱਭੋਗੇ ?

19.

ਸ਼ਟੇਜ ਤੋਂ ਦੂਰ

ਸ਼ਹਿਰ ਦੀ ਉੱਚੀ ਠੇਰੀ ਤੇ

(ਇਕ ਆਵਾਜ਼-ਸਮੂਹ)

ਵੇਲਾ:- ਸੂਰਜ ਅਸਤ ਹੋਣ ਦੇ ਕਰੀਬ ਹੈ !

ਅਸੀਂ ਅੱਗ ਖਾਣੀ ਚਾਹੁੰਦੇ ਹਾਂ !

ਅਸੀਂ ਅੱਗ ਪੀਣੀ ਚਾਹੁੰਦੇ ਹਾਂ !

ਅਸੀਂ ਅੱਗ ਥੁੱਕਣੀ, ਅੱਗ ਬਰਸਾਉਣੀ ਚਾਹੁੰਦੇ ਹਾਂ ।

ਅਸੀਂ ਅੱਗ ਵਿਚ ਜੰਮੇ ਪਲੇ ਮਨੁੱਖ

ਅੱਗ ਵਰਗੀ ਤੀਵੀਂ ਭੋਗਣੀ ਚਾਹੁੰਦੇ ਹਾਂ !

(ਹਾ! ਹਾ! ਹਾ!)

ਅਸੀਂ ਉਹ ਸੁਲਗਦੇ ਅੱਖਰ ਹਾਂ,

ਜਿੰਨ੍ਹਾਂ ਨੂੰ ਨਿਗਲ ਕੇ

ਹਰ ਇਸਤਰੀ ਗਰਭਵਤੀ ਹੋ ਜਾਂਦੀ ਹੈ !

(ਹਾ! ਹਾ! ਹਾ!)

(ਲਜ਼ਾਰਸ ਵਰਗਾ ਜ਼ੋਰਦਾਰ ਪਾਗਲ-ਹਾਸਾ

ਖ਼ਲਾਅ 'ਚ ਬਿਖਰ ਜਾਂਦਾ ਹੈ)

ਆਦਮ ਹੱਵਾ ਦੀ ਪ੍ਰਿਥਮ-ਭੁੱਖ

ਸ਼ਾਡੇ ਅੰਗਾਂ ਵਿਚ ਫੈਲ ਰਹੀ ਹੈ !

(ਸਾਹਵੇਂ ਖ਼ਲਾਅ ਵਿਚ ਬਾਜ਼ ਦੇ ਚੀਥੜੇ

ਉੱਡਦੇ ਦਿੱਸਦੇ ਨੇ)

20

ਘੋਰ ਕਿਸਮ ਦੀ ਆਤਮ ਗਿਲਾਨੀ ਅਤੇ

ਸਵੈ ਸਿਰਜੇ-ਖ਼ਲਾਅ ਤੋਂ ਤੰਗ ਆ ਕੇ

ਖ਼ਲਾਅ 'ਚੋਂ ਬਾਹਰ ਨਿਕਲਣ ਲਈ

ਮਨੁੱਖੀ ਵਿਦਰੋਹੀ ਭਾਵਨਾ ਨਾਲ ... ...

(ਇਕ ਆਵਾਜ਼)

ਇਹ ਮਨੁੱਖ ਹਨ ?

ਜਾਂ ਕਾਂ ਕਬੂਤਰ, ਚਿੜੀਆਂ, ਇੱਲਾਂ ਤੇ ਤੋਤੇ ?

ਇਨ੍ਹਾਂ ਕੀੜਿਆਂ ਕਾਢਿਆਂ ਦੀ ਸੈਨਾ ਵਿਚ

ਕੋਈ ਗੁਰਦੇ ਵਾਲਾ, ਜ਼ਮੀਰ ਵਾਲਾ ਮਨੁੱਖ ਵੀ ਹੈ ?

(ਖ਼ਲਾਅ 'ਚ ਫੇਰ ਬਾਜ਼ ਦੇ ਚੀਥੜੇ ਉੱਡਦੇ

ਅਨੁਭਵ ਹੁੰਦੇ ਨੇ)

{ਅੰਤਮ, ਪਰ ਸਭ ਨਾਲੋਂ ਜ਼ੋਰਦਾਰ ਆਵਾਜ਼}

ਏਸ ਖ਼ਲਾਅ ਵਿਚ

ਕੁਝ ਤਾਂ ਹਉਮੈਂ ਵਾਦੀ ਸਿਫ਼ਰੇ

ਤੇ ਕੁਝ ਹੋਂਦ ਵਿਹੂਣੇ- ਬਿੰਦੂ ।

ਸ਼ੀਸ਼ੇ ਦੇ ਵਿਚ ਖੰਡ ਖੰਡ ਹੋਏ

ਬੰਦੇ ਘਟ, ਪਰ ਹਿੰਦਸੇ ਬਹੁਤੇ

ਆਤਮ ਅਤੇ ਅਨਾਤਮ ਦੇ ਵਿਚ ਵੰਡੀਆਂ ਸੋਚਾਂ ।

ਚਾਰੇ ਬੰਨੇ

ਹੜਬੂੰ, ਹੜਬੂੰ ਕਰਦੀ

ਭੁੱਖਿਆਂ ਦੀ ਇਕ ਸੈਨਾ ਦਿਸਦੀ,

ਰੁੱਸਿਆ ਦੀ ਇਕ ਸੈਨਾ ਫਿਰਦੀ ।

ਰੋਜ਼ ਮੁਜ਼ਾਹਰੇ

ਰੋਜ਼ ਲਾਠੀਆਂ ! ਰੋਜ਼ ਗੋਲੀਆਂ !

ਭੁੱਖ ਦਾ ਭੈਅ ਸਬਨਾਂ ‘ਤੇ ਹਾਵੀ

ਹਰ ਇਕ ਮੂੰਹ ‘ਤੇ ਰੋਹ ਦੀਆਂ ਗੱਲਾਂ।

ਕੁਝ ਬੰਦੇ ਕਿ

ਸਿਰ ਤੋਂ ਲੈ ਕੇ ਪੈਰਾਂ ਤੀਕਰ

ਕਿਸੇ ਆਦਮ-ਜਵਾਲਾ ਦੇ ਵਿਚ

ਬਲਦੇ ਦਿੱਸਦੇ।

ਕੁਝ ਬੰਦੇ

ਸੁਕਰਾਤ ਜਿੰਨ੍ਹਾਂ ਦੇ ਉਹਲੇ ਬੈਠਾ ਜ਼ਹਿਰਾਂ ਪੀਂਦੇ,

ਕੁਝ ਬੰਦਿਆਂ ਵਿਚ

ਈਸਾ ਸੂਲੀ ਲਟਕੇ ਦਿੱਸਦੇ।

ਬੋਲਾਂ ਨਾਲੋਂ ਬੰਦੇ ਛੋਟੇ

ਜੀਵਨ ਨਾਲੋਂ ਵਾਦ ਵਡੇਰੇ।

ਰਾਜ ਸਿੰਘਾਸਣ ਉਤੇ ਬੈਠੀ

ਭੀੜ ਬੇਥਵ੍ਹੀ

ਸਭ ਜਣਿਆਂ ਨੂੰ ਪੈਰਾਂ ਹੇਠ ਲਿਤਾੜੀ ਜਾਵੇ ।

ਭੀੜ- ਜਿਦ੍ਹਾ ਚਿਹਰਾ ਨਾ ਕੋਈ

ਭੀੜ- ਕਿ ਜਿਸਦਾ

ਜ਼ਿਹਨ ਨਾ ਕੋਈ ।

ਭੀੜ ਜੀਦ੍ਹੇ ਵਿਚ

ਚਿਹਰੇ ਗੁੰਮੇ

ਭੀੜ ਕਿ ਜਿਸ ਵਿਚ ਜ਼ਿਹਨ ਗੁਆਚੇ ।

ਓਸ ਖ਼ਲਾਅ ਵਿਚ ਜਿਸ ਵਿਚ ਬੰਦੇ ਖੰਡ ਖੰਡ ਹੋਏ

ਅਤੇ ਜਿੰਨ੍ਹਾਂ ਦੇ

ਅੱਖਾਂ, ਕੰਨ ਤੇ ਬੋਲ ਗੁਆਚੇ

ਇਸ ਥਾਂ ਐਸੀ "ਮੈਂ" ਗੁੰਮੀ

ਕਿ ਮੁੜ ਨਾ ਲੱਭੀ ।

ਇਕ ਭਾਰੇ ਪੱਥਰਾਂ ਦੇ ਹੇਠਾਂ

ਗਈ ਅਸਾਡੀ

ਗੌਰਵ ਸ਼ੀਲ-ਆਤਮਾ ਦੱਬੀ ।

ਜੀ ਕਰਦਾ ਹੈ

ਮੈਂ ਇਕ ਤੇਜ਼ ਵਰੋਲਾ ਬਣ ਕੇ

ਏਸ ਖ਼ਲਾਅ ਦੀਆਂ ਕੰਧਾ ਦੇ ਵਿਚ

ਟੱਕਰ ਮਾਰਾਂ

ਤੇ ਇਸ ਨੂੰ ਢਹਿ ਢੇਰੀ ਕਰ ਦਾਂ

(ਕਲੋਜ਼ ਅੱਪ)

ਵਰਤਮਾਨ ਤੁਰਿਆ ਹੈ

ਇਕ ਦਾਰਸ਼ਨਿਕ-ਸਵੈ-ਯਾਤ੍ਰਾ

ਸੈਂਚੀ ਦੂਜੀ

ਜਸਬੀਰ ਸਿੰਘ ਆਹਲੂਵਾਲੀਆ ਦੇ ਨਾਂ !

ਘੜੀਆਂ ਦੇ ਖ਼ੋਲ ਤਿੜਕੇ

ਡਾਇਲਾਂ ਦੇ ਅੱਖਰ ਪਿਘਲੇ

ਮਨੁੱਖ, ਸਮਾਂ ਤੇ ਸ੍ਰਿਸ਼ਟੀ

ਕਲਾਵੇ 'ਚ ਲੈ ਕੇ

ਵਰਤਮਾਨ ਤੁਰਿਆ ਹੈ !

ਇਕ

ਮੈਂ ਪਹਿਲਾਂ

ਇਕ ਜ਼ੀਰੋ ਸਾਂ

ਮੇਰੀ ਦ੍ਰਿਸ਼ਟੀ

ਮੇਰੇ ਨਾਲ ਫ਼ਰੇਬ ਕਮਾ ਕੇ

ਮੈਨੂੰ

ਮੇਰੇ ਹੜ੍ਹ ਚੇਤੰਨ ਤੋਂ ਦੂਰ ਲਜਾ ਕੇ

ਨੰਗੇ ਸੱਚ 'ਤੇ ਪਰਦਾ ਪਾ ਕੇ

ਵਿਚ ਖ਼ਲਾਅ ਦੇ

ਛਾਈਂ ਮਾਈਂ ਹੋ ਚੁੱਕੀ ਸੀ ।

ਮੈਂ ਇਕ ਐਸਾ ਪਰਛਾਵਾਂ ਸਾਂ

ਜਿਸ ਦਾ

ਸਿਰ, ਮੂੰਹ, ਅੱਖਾਂ ਸ੍ਰੋਤ ਨਾ ਕੋਈ

ਇਕ ਬੇਹੂਦਾ ਜ਼ਿਹਨ ਵਾਂਗਰਾਂ

ਜਿਸਦੀ ਹਰ ਰੇਖਾਂ ਸੀ ਉਲਝੀ ਹੋਈ ।

ਮੈਂ ਇਜ ਐਸੀ ਮ੍ਰਿਗ ਜਲੀ ਸਾਂ

ਤਪਦੇ ਥਲ ਵਿਚਚ

ਜਿਹੜੀ ਮ੍ਰਿਗਾਂ ਦਾ ਦਮ ਤੋੜੇ

ਬਾਬੂ ਨਾ ਸੱਕੇ

ਸ਼ੀਸ਼ੇ ਵਾਗੂੰ ਚਮਕੀ ਜਾਵੇ

ਜਲ ਦਾ ਰੂਪ ਵਟਾ ਨਾ ਸੱਕੇ ।

ਅਜ ਪਰ ... ...

ਮੇਰੀ ਮਿੱਟੀ ਅੰਦਰ ਇਕ ਧਮਾਕਾ ਹੋਇਆ

ਜਿੱਕਰ ਦੱਬਿਆ

‘ਬੰਬ’ ਫੱਟਿਆ ਹੈ

ਮੈਂ ਆਪਣੀ ਚੌਖਟ ਦੇ ਅੰਦਰ

ਸਿਰ ਪਰਨੇ

ਜੋ ਪੁੱਠਾ ਹੋ ਕੇ ਲਟਕ ਰਿਹਾ ਸਾਂ

ਆਪੂੰ ਸਿਰਜੇ ਹੋਏ ਖ਼ਲਾਅ ਵਿਚ

ਬਉਰਾ ਹੋ ਕੇ

ਭਟਕ ਰਿਹਾ ਸਾਂ

ਅਜ ਇਸ ਚੌਖਟ ਨੂੰ ਕੜਕਾ ਕੇ

ਤੇ ਇਸ ਅੰਦਰ

ਵਧਦੇ ਫੁਲਦੇ ਅੰਗਾਂ ਵਾਲੀ ਲਚਕ ਲਿਆ ਕੇ

ਸਿੱਧਾ ਹੋ ਕੇ

ਸੰਭਲ ਰਿਹਾ ਹਾਂ ।

2

ਇਕ ਵੇਲਾ ਸੀ

ਜਦ ਮਿੱਟੀ ਦੀ ਢੇਰੀ ਸਾਂ ਮੈਂ

ਜਾਂ ਸੀ ਪਿਆ

ਕਬਰ ਵਿਚ ਮੁਰਦਾ

ਹੁਣ ‘ਮੈਂ’ ‘ਉਹ’ ਨਹੀਂ

ਹੁਣ ਉਹ ‘ਮੈਂ’ ਹਾਂ ।

ਕੁਝ ਦਿਨ ਹੋਏ

ਇਸ ਨਗਰੀ ਦੇ ਭਰੇ ਚੌਂਕ ਵਿਚ

ਜਦ ਮੇਰੇ ਤੇ ਹਮਲਾ ਹੋਇਆ

ਜਿਸ ਵੇਲੇ ਮੈਂ ਦੋ ਟੁੱਕ ਹੋਇਆ

ਮੇਰਾ ਸਿਰ ਏਧਰ

ਤੇ ਧੜ ਓਧਰ ਸੀ

ਅੱਖਾਂ ਇਕ ਥਾਂਾ

ਦਿਲ ਇਕ ਪਾਸੇ

ਹੱਥ ਕਿਧਰੇ ਤੇ ਪੈਰ ਕਿਤੇ ਸਨ

ਇਕ ਖ਼ੂਨੀ ਦੁਰਘਟਨਾ ਮੈਨੂੰ

ਵੇਂਹਦੇ ਵੇਂਹਦੇ ਨਿਗਲ ਲਿਆ ਸੀ ।

ਹੁਣ ਫਿਰ

ਹੌਲੀ ਹੌਲੀ ਇਕ ਇਕ ਕਰਕੇ

ਸ਼ੀਸ਼ੇ ਵਿਚੋਂ

ਮੁੜ ਕੇ ਆਪਣੇ

ਮੈਂ ਖਿਲਰੇ ਹੋਏ ਅੰਗ ਚੁਗੇ ਨੇ

ਮੇਰੇ ਆਪੇ ਨਾਲੋਂ ਟੁੱਟੇ

ਮੇਰੀ ਦੇਹ ਵਲ ਅੰਗ ਮੁੜੇ ਨੇ

ਮੇਰੇ ਸਗਲੇ

ਮੁੜ ਕੇ ਮੈਨੂੰ ਅੰਗ ਜੁੜੇ ਨੇ

ਮੁੱਦਤ ਪਿਛੋਂ

ਹੁਣੇ ਹੁਣੇ ਹੀ ਪਹਿਲੀ ਵਾਰੀ

ਸ਼ੀਸ਼ੇ ਦੇ ਵਿਚ

ਇਕ ਪਰਛਾਵੇਂ ਦੀ ਥਾਂ ਮੈਨੂੰ

ਇਕ ਬੰਦਾ ਹੈ ਨਜ਼ਰੀ ਆਇਆ

ਘੋਰ ਸਾਧਨਾ

ਕਠਨ ਤਪੱਸਿਆ

ਜੜ੍ਹ-ਚੇਤੰਨ ਦੀ ਨਵੀਂ ਚੇਤਨਾ

ਜ਼ਿਹਨ ਮੇਰੇ ਵਿਚ

ਏਦਾਂ ਝੱਖੜ ਬਣ ਕੇ ਝੁੱਲੀ

ਵੇਂਹਦੇ ਵੇਂਹਦੇ ਇਕ ਛਿਣ ਅੰਦਰ

ਮੇਰੇ ਸਾਹਵੇਂ

ਸ਼ੀਸ਼ੇ ਵਿਚਲਾ ਬੰਦਾ

ਬਣ ਬੈਠਾ 'ਵਿਦਰੋਹੀ' ।

3.

ਕਾਗ਼ਜ਼ ਉੱਤੇ ਵਾਹੀ ਰੇਖਾ

'ਜ਼ੀਰੋ'' ਹੈ 'ਦੀਵਾਰ' ਨਹੀਂ ਹੈ

ਨਜ਼ਰਾਂ ਸਾਹਵੇਂ

ਚਾਰ ਚੁਫੇਰੇ ਦੇ ਵਿਚ

ਤਣੀ ਕੰਧ ਦੀ ਕੈਦ ਬੁਰੀ ਹੈ

ਪਰ ਜੇ

ਅੱਖਾਂ ਉਹਲੇ ਅੱਖਾਂ ਹੋਵਣ

ਰੇਖਾ ਰੋਕ ਕਦੇ ਨਾ ਬਣਦੀ

ਦੋ ਕੇਂਦਰ

ਫਿਰ ਦੋ ਨਹੀਂ ਰਹਿੰਦੇ

ਸੁਲਗਦੀਆਂ ਸੋਚਾਂ ਵਿਚ

ਲਹਿ ਕੇ

ਦਿਲ 'ਚੋਂ ਹੋ ਕੇ

ਅਹਿਸਾਸਾਂ ਦੇ ਸੇਕ ‘ਚ ਘੁਲ ਕੇ

ਇਕ ਹੋ ਜਾਂਦੇ ।

ਦੋ

ਆਦਿ ਦੀ ਗੱਲ ਚੱਲੀ ਸੀ !

ਮੈਂ ਬੁਜ਼ਦਿਲ ਨਹੀਂ ਸਾਂ

ਜੋ ਸ਼ਬਦ ਦੇ ਖ਼ੋਲ ‘ਚ ਸੁਕੜ ਕੇ ਬੈਠਾ ਸਾਂ

ਮੈਂ ਪਾਜੀ ਨਹੀਂ ਸਾਂ ਜੋ ਦੂਰ ਖ਼ਲਾਅ ਵਿਚ

ਫੈਲਦੇ ਸੁਕੜਦੇ

ਅਰਥ ਦੇ ਆਕਾਰ ਤੋਂ ਡਰਦਾ ਸਾਂ ।

ਆਦਿ ਸ਼ਬਦ ਦੀ ਗੱਲ ਚੱਲੀ ਸੀ

ਮੈਂ ਸ਼ਬਦ ਬਣ ਕੇ

ਮਨੁੱਖੀ ਦੇਹ ‘ਚ ਲੱਥਾ ਸਾਂ

ਮੈਂ ਅਰਥ ਬਣ ਕੇ

ਮਨੁੱਖੀ ਚੋਲੇ ਨੂੰ ਹੰਡਾਇਆ ਹੈ

ਮੇਰੀ ਦੇਹ ਦੇ

ਸੀਮਤ ਆਕਾਰ ਵਲ ਨਾ ਜਾਵੋ

ਇਸ ਵਿਚ ਪਸਰੇ

ਸਬਦ ਦੇ ਵਿਸਥਾਰ ਵਲ

ਅੱਖਾਂ ਖੋਲ ਕੇ ਵੇਖੋ

ਸ਼ਬਦ ਫੈਲਿਆ–ਮਨੁੱਖ ਬਣਿਆ ਹੈ

ਅਰਥ ਟੁੱਟਾ

ਬ੍ਰਹਿਮੰਡ ਤਣਿਆ ਹੈ

ਪਾਣੀ ਦੇ ਤਲ ‘ਤੇ ਤੈਰਦੀ

ਡੁਬਕਣੀ ਕਿਸ਼ਤੀ ਦੀ ਅੱਖ ‘ਚ ਬਹਿ ਕੇ

ਮੇਰੇ ਆਕਾਰ ਦੇ ਵਿਸਥਾਰ ਦਾ

ਪਰਛਾਵਾ ਨਾ ਲਵੋ

ਉਪਗ੍ਰਹਿਆਂ ਦੀ ਰੋਮਾਂਟਿਕ ਛੋਹ ਪ੍ਰਾਪਤੀ ਲਈ

ਖ਼ਲਾਅ ‘ਚ ਲਟਕਦਾ

ਤੁਹਾਡਾ ਮਾਸ ਹੀਣ ਪਿੰਜਰ

ਮੇਰੇ ਵੇਂਹਦੇ ਵੇਂਹਦੇ ‘ਕਾਰਟੂਨ’ ਬਣ ਕੇ

‘ਸ਼ੰਕਰ ਵੀਕਲੀ’ ਦੇ ਪਹਿਲੇ ਸਫ਼ੇ ‘ਤੇ

ਜਾ ਲਟਕਿਆ ਹੈ ।

ਤੁਸੀਂ ਸ਼ਬਦ ਦੇ

ਸ਼ਬਦ ਦੇ ਬਾਹਰੀ ਅਰਥਾਂ ‘ਚ ਉਲਝੇ ਹੋਏ ਹੋ

ਮੇਰੀ ਸੋਚ

ਅਰਥਾਂ ਦੇ ਵਿਸਥਾਰ ‘ਤੇ ਭਾਰੂ ਹੈ

ਮੇਰੇ ਇਸ ਜਿਸ ਸ਼ਬਦ ਨੂੰ

ਤੁਸੀਂ ਮੇਰੀ ਕਬਰ ਆਖਦੇ ਹੋ

ਏਸ ਚੋਂ ਅਮਰ ਹੋ ਕੇ ਈਸਾ

ਕਦੇ ‘ਆਕਾਸ਼ ਵਲ ਉੱਡਿਆ ਸੀ

ਜਿਸ ਸ਼ਬਦ ਦੇ ਖ਼ੋਲ ਵਿਚ ਮੈਂ ਸਾਂ

ਵੇਂਹਦੇ ਵੇਂਹਦੇ

ਹੁਣੇ ਉਸਦਾ ਖ਼ੋਲ ਤਿੜਕਿਆ ਹੈ

ਅਤੇ ਇਕ ਲੰਗੜੇ

ਅਪਾਹਜ ਮਨੁੱਖ ਦੀ ਥਾਂ

ਉਸ ‘ਚੋਂ

ਸੁਲਗਦੇ ਅੰਗਾਂ ‘ਚ

ਖ਼ੌਲਦੇ ਲਹੂ ਵਾਲਾ

ਵਿਦਰੋਹੀ ਨਿਕਲਿਆ ਹੈ।

ਤਿੰਨ

ਦੂਰ ਸ਼ੀਸ਼ੇ ‘ਚੋਂ

ਫ਼ਲੈਸ਼ ਵਾਂਗ

ਮੇਰੇ ‘ਤੇ ਫ਼ੋਕਸ ਹੋਈ ਅੱਖ ਲਈ

ਪੁਲਾੜ ‘ਚ ਲਟਕਦਾ

ਮੈਂ ਇਕ ਮੁਰਦੇ ਦਾ ਮਰੀਅਲ ਖੋਪਰ ਸਾਂ

ਜਾਂ ਨੁੰਾਇਸ਼ ਲਈ

ਕਿਸੇ ਮਿਊਜ਼ੀਅਮ ਦੀ ਸੋ ਵਿੰਡੋ ‘ਚ ਟੰਗਿਆ

ਮਨੁੱਖੀ ਪਿੰਜਰ ਸਾਂ

ਜਾਂ ਸ਼ਹਿਰ ਦੇ ਭੀੜ ਭਰੇ ਚੌਕਾਂ ‘ਚ

ਦਿਖਾਵੇ ਲਈ ਤੁਰਿਆ ਫਿਰਦਾ

ਇਕ ਬਹੁਰੂਪੀਏ ਦਾ

ਸਾਹ ਲੈਂਦਾ, ਜੀਊਂਦਾ ਇਸ਼ਤਿਹਾਰ ਸਾਂ

ਮੈਂ ਖੇਡੇ ਜਾ ਰਹੇ ਨਾਟਕ ਦਾ ਅਜਿਹਾ ਪਾਤਰ ਸਾਂ

ਜਿਸ ਦੀ ਹੋਂਦ

ਪਲਾਟ ਦੇ ਕਾਰਜ ਤਕ ਨਹੀਂ

ਕੰਧਾ ਤੇ ਲੱਗੇ ਪੋਸਟਰਾਂ ਤੱਕ ਸੀਮਤ ਸੀ

ਮੈਂ ਨਿਪਟ ਯਾਂਤ੍ਰਿਕ ਮਨੁੱਖ

ਇਕ ਸਾਹ ਲੈਣ ਵਾਲੀ ਮਸ਼ੀਨ ਸਾਂ

ਅਪਣੇ ਆਪ ਤੋਂ ਲਾਂਭੇ ਹੋ ਕੇ

ਦੂਰ ਖਲੋਤਾ

ਮੈਂ ਭੈਂਗੀ ਅੱਖ ਨਾਲ ਦੇਖਦਾ ਸਾਂ

ਮੇਰੀ ਜ਼ਿੰਦਗੀ

ਬੇਹੰਗਮ ਝਾਕੀਆਂ ਦਾ

ਬੇਹੂਦਾ ਜਲੂਸ ਸੀ

ਮੇਰੀ ਸੁਲਗਦੀ ਚੇਤਨਾ ਨੇ

ਬੜੇ ਤ੍ਰਾਹ ਨਾਲ

ਅਜ ਇਸ ਪ੍ਰੇਤ ਜਾਲ ਨੂੰ ਤੋੜਿਆ ਹੈ

ਮੇਂ ਮਾਂ ਦੇ ਪੋਟੋਂ

ਰਸਮਨ ਜੰਮਿਆ ਨਹੀਂ ਸਾਂ

ਵਿਚਰਿਆ ਸਾਂ, ਜੀਵਿਆ ਨਹੀਂ ਸਾਂ

ਖ਼ਲਾਅ ਦੀ ਕਬਰ ਵਰਗੀ ਚੁੱਪ 'ਚੋਂ

ਮੈਂ ਓਜ 'ਰੋਹ' ਦਾ

ਸੁਲਗਦਾ ਹੋਇਆ ਬੋਲ ਬਣ ਕੇ ਉਭਰਿਆ ਹਾਂ

ਇਸ ਤੇਜ਼ੀ ਨਾਲ ਘੁੰਮਦੇ

ਅਦਿੱਸ ਪਹੀਏ ਦਾ ਗੇੜ ਵੀ

ਕਿਤਨਾ ਦਿਲਚਸਪ ਹੈ ?

ਦੇਖੋ !

ਮੈਂ ਕਿਵੇਂ

'ਸ਼ੂਨ' ਤੋਂ 'ਸ਼ਬਦ' ਵਲ ਤੁਰਿਆ ਹਾਂ

ਅਣਹੋਂਦ ਤੋਂ ਹੋਂਦ ਵਲ ਸਰਕਿਆ ਹਾਂ

‘ਮਖੌਟੇ ਤੋਂ ‘ਮਨੁੱਖ’ ਵਲ ਮੁੜਿਆ ਹਾਂ

ਅੱਗੇ ਤਾਂ ਸਿਰਫ਼

ਮੈਂ ਸਾਹ ਲੈਣ ਵਾਲੀ ‘ਮਸ਼ੀਨ’ ਸਾਂ

ਜੀਊਂਦਾ, ਜਾਗਦਾ

ਧੜਕਦਾ ਸੁਲਗਦਾ ਮਨੁੱਖ

ਅਸਲ ‘ਚ

ਮੈਂ ਹੁਣ ਬਣਾਂਗਾ ।

ਚਾਰ

ਸਾਹਵੇਂ

ਦੈਨਕ-ਪੱਤਰ ਖੁੱਲ੍ਹਾ ਪਿਆ ਹੈ

ਬਿਸਤਰ ਤੇ ਕਾਗ਼ਜ਼ ਪਏ ਨੇ

ਕਿ ਸਬੂਤਾ ਜੰਗਲ ਜਲਦਾ ਹੈ

ਜ਼ਹਿਰ ਨਾਲੋਂ ਵੀ ਕੜਵੇ

ਇੰਨੇ ਇੱਕਠੇ ਅੱਖਰ

ਭਲਾ ਕੌਣ ਨਿਗਲੇ ?

ਮੇਰੀ ਜੀਭ

ਮੇਰੇ ਜ਼ਿਹਨ

ਮੇਰੀ ਚੇਤਨਾ ਚ’

ਕੰਡੇ ਉੱਗ ਆਏ ਨੇ

ਪਹਿਲੇ ਸਫ਼ੇ ‘ਤੇ

ਕੈਨੇਡੀ ਤੇ ਮਾਰਟਨ ਲੂਥਰ ਦੀ ਹਿੱਕ ਚੋਂ ਗੋਲੀ

ਦੂਜੇ ਪਾਰ ਚਲੀ ਗਈ ਹੈ

ਧੜਾਮ ਕਰਕੇ ਲੋਥਾਂ ਜ਼ਮੀਨ ‘ਤੇ ਡਿੱਗੀਆਂ ਨੇ

ਕਾਤਲ ਟੱਸ ਤੋਂ ਮੱਸ ਨਹੀਂ ਹੋਏ

ਚਿਹਰੇ ਲਾਹ ਕੇ

ਜੇਬ ‘ਚ ਪਾ ਕੇ

ਬੜੇ ਆਰਾਮ ਨਾਲ

ਭੀੜ ‘ਚ ਜਾ ਰਲੇ ਨੇ ।

2

ਦੂਸਰੇ ਸਫ਼ੇ ‘ਤੇ

ਸਟਾਪ ਪ੍ਰੈੱਸ ਦੇ ਸਿਰ ਲੇਖ ਹੇਠ

ਭਾਰਤ ਵਿਚ

ਭੁੱਖ ਨਾਲ ਹੋਈਆਂ

ਸੈਆਂ ਮੌਤਾਂ ਦਾ ਜ਼ਿਕਰ ਹੈ

ਅੱਖਰ

ਜ਼ਿਹਨ ‘ਚ ਖੁਰ ਖੋਬ ਕੇ

ਜ਼ਮੀਨ ‘ਤੇ ਜਾ ਢੱਠੇ ਨੇ

ਅੱਖਾਂ

ਸਾਹਮਣਲੀ ਸੀਮਿੰਟ ਦੀ ਕੰਧ ‘ਚ

ਇਕ ਇੰਚ

ਡੂੰਘੀਆਂ ਜਾ ਗੱਡੀਆਂ ਨੇ

ਅਤੇ ਡੈਂਬਰਿਆਂ ਮੂੰਹ

ਬੇਬਸੀ ‘ਚ ਅੱਡਿਆ ਰਹਿ ਗਿਆ ਹੈ

ਛਿਣ ਦੀ ਕਰਾਮਾਤ ਦੇਖੋ

ਮੇਰਾ ਪੇਟ ਸੁਕੜ ਕੇ

ਰੀੜ੍ਹ ਦੀ ਹੱਡੀ ਨਾਲ ਜਾ ਲੱਗਾ ਹੈ ।

3

ਤੀਸਰੇ ਸਫ਼ੇ ‘ਤੇ

ਦੁਨੀਆਂ ਦੇ ਭਿੰਨ ਭਿੰਨ ਦੇਸ਼ਾਂ ‘ਚ ਹੋਏ

ਦੰਗਿਆਂ ਫ਼ਸਾਦਾਂ ਬਲਵਿਆਂ ਦਾ ਜ਼ਿਕਰ ਹੈ

ਜਲੂਸ ਨਿਕਲਦੇ, ਮੁਜ਼ਾਹਰੇ ਹੁੰਦੇ

ਅੱਗ ਦੇ ਭਾਂਬੜ ਉਭਰਦੇ ਨੇ

ਅਸੀਂ ਤਾਨਾ ਸ਼ਾਹ ਹਕੂਮਤ ਨਹੀਂ

‘ਬੰਦੀ-ਰਹਿਤ’ ਸਮਾਜ ਚਾਹੁੰਦੇ ਹਾਂ

ਡਿਕਟੇਟਰ ਫੈਲਦੇ

ਆਪ-ਹੁਦਰੀ ਸਰਕਾਰ ਬਣ ਜਾਂਦੇ ਨੇ

ਜ਼ਿਹਨ ‘ਚ

ਤਾਕਤ ਦਾ ਅੰਨ੍ਹਾਂ ਫ਼ਤੂਰ ਉੱਠਦਾ ਹੈ

ਟੈਂਕ, ਤੋਪਾਂ ਤੇ ਲੇਜ਼ਰ ਬੰਬਾਰ

ਨਿਹੱਥੇ ਲੋਕਾਂ ਲਈ ਜਾਨ ਬਖ਼ਸ਼ਣ ਵਾਲੇ

ਖ਼ੁਦਾ ਬਣ ਜਾਂਦੇ ਨੇ

ਨੱਕ ਲੱਬਦੇ

ਗਲੇ ਕੱਟਦੇ

ਸੜਕਾਂ ਤੇ ਚੌਕਾਂ ‘ਚ ਅਪਮਾਨਤ ਬੁੱਤ ਸੜਦੇ ਨੇ

ਪਰ ਤਾਨਾ ਸ਼ਾਹ

ਅਜ਼ੀਬ ਮਿੱਟੀ ਦੇ ਬਣੇ ਹੋਏ ਨੇ

ਅਰਥੀਆਂ ਉੱਠਣ

ਬੁੱਤਾਂ ਦੇ ਸੜਨ ‘ਤੇ ਵੀ ਸਲਾਮਤ ਰਹਿੰਦੇ ਨੇ

ਸੋਚਦਾ ਹਾਂ

ਬਹੁਤੀ ਭੁੱਖੀ, ਬਹੁਤੀ ਰੱਜੀ

ਇਸ ਡੋਲਦੀ ਦੁਨੀਆ ਦਾ ਕੀ ਬਣੇਗਾ ?

ਜ਼ਿਹਨ, ਅੱਖਾਂ

ਸਾਹਾਂ ਤੇ ਲਹੂ 'ਚ ਅੱਖ ਬਲਦੀ ਹੈ

ਅਗਲਾ ਸਫਾ ਪੜ੍ਹਨ ਦੀ

ਕਿਸ 'ਚ ਹਿੰਮਤ ਹੈ ?

ਪੰਜ

ਅੱਗ ਦੇ ਛਿਣ ਦਾ ਜ਼ਿਕਰ

ਬੜਾ ਤਲਖ਼ ਹੁੰਦਾ ਹੈ !

(ਇਕ ਆਵਾਜ਼)

ਮੈਂ ਅਗਨੀ ਦੇ ਛਿਣ 'ਚੋਂ ਜੰਮਿਆਂ

ਮੈਂ ਇਸ ਛਿਣ ਦੇ ਪੇਟੇ ਪਲਿਆਂ

ਇਹ ਅੱਗ ਦਾ ਛਿਣ ਮੇਰੀ ਮਾਂ ਹੈ

ਇਹ ਅੱਗ ਦਾ ਛਿਣ ਮੇਰਾ ਪਿਓ ਹੈ

ਮੈਂ ਵਿਦਰੋਹ ਦਾ ਬੋਲ ਕੁਸੈਲਾ !

(ਦੂਸਰੀ ਆਾਵਾਜ਼)

ਮੇਰੀ ਛਾਂ ਨੂੰ ਛਾਗਣ ਦੀ ਥਾਂ

ਮੇਰੀ ਹਉਂ ਨੂੰ ਮੌਲਣ ਦੇਵੋ

ਮੇਰਾ ਲੂੰ ਲੂੰ ਜੀਣਾ ਚਾਹੁੰਦਾ

ਪੋਟਾ ਪੋਟਾ ਮਚਣਾ ਚਾਹੁੰਦਾ ।

ਇਹ ਛਿਣ ਕਿਸ ਤੋਂ ਜਲ ਸੱਕੇ ਗਾ ?

ਇਹ ਛਿਣ ਕਿਸ ਤੋਂ ਬੁਝ ਸੱਕੇ ਗਾ ?

ਅੱਗ ਦਾ ਛਿਣ ਤਾਂ

ਅੱਗ ਦਾ ਛਿਣ ਹੈ ।

ਮੈਂ ਇਕ ਅੰਨੇ ਚੱਕਰ ਦੇ ਵਿਚ

ਜੂਨ ਹੰਢਾਈ

ਕੱਲ੍ਹ ਦੇ ਸੁੰਦਰ ਲਾਰੇ ਉੱਤੇ

ਉਮਰ ਗੁਆਈ

ਭਰਮ-ਜਾਲ ਨੂੰ ਸੱਚ ਸਮਝ ਕੇ

ਪੂਜਾ ਦਾ ਸਮਾਨ ਬਣਾਇਆ

ਉਸਲੇ ਨੂੰ ਇਹ ਉਹਲਾ ਕਹਿ ਕੇ

ਨਕਸ਼ ਆਪਣਾ

ਆਪ ਮਿਟਾਇਆ ।

ਅੱਗ ਦੇ ਛਿਣ 'ਚੋਂ ਮਰਦ ਜਨਮਦੇ

ਅੱਗ ਦੇ ਛਿਣ 'ਚੋਂ ਔਰਤ ਜਨਮੇਂ

ਅੱਗ ਜੀਊਂਦੀ ਤਾਂ ਦੋਵੇਂ ਜੀਊਂਦੇ

ਅੱਗ ਬੁਝਦੀ

ਦੋਵੇਂ ਮਰ ਜਾਂਦੇ ।

ਹਉਂ ਦੇ ਛਿਣ ਦੀ ਛਾਂ ਨਾ ਛਾਂਗੋ

ਅੱਗ ਦੇ ਛਿਣ 'ਚੋਂ

ਅੱਗ ਨਾ ਚੂਸੋ

ਹਉਂ ਦਾ ਛਿਣ ਜ਼ਿੰਦਗੀ ਦੀ ਮਾਂ ਹੈ

ਅੱਗ ਦਾ ਛਿਣ ਵਿਦਰੋਹ ਦਾ ਪਿਓ ਹੈ ।

ਛੇ

{ ਪ੍ਰਮਾਣੂੰ ਯੁੱਗ ਦੀ ਫੈਂਟਸੀ ਜਿਸਦਾ

ਆਕਾਰ, ਤੀਬਰ ਵਰਤਮਾਨ ਅਨੁਭੂਤੀ-

ਯਥਾਰਥ ਚ' ਟੱਟਦਾ ਹੈ ।}

ਇਕ

ਦੋ, ਤਿੰਨ ਗਿਣਦੇ

ਦੁਨੀਆਂ ਦੇ ਗੁਪਤ ਅੱਡਿਆਂ ਤੋਂ ਅਣਗਿਣਤ ਰਾਕਟ

ਤੇ ਦੂਰ ਮਾਰ ਮਿਜ਼ਾਈਲ ਉੱਡੇ ਨੇ

ਅਨੇਕਾਂ ਹਾਈਡਰੋਜਨ

ਤੇ ਸਾਂ ਸਾਂ ਕਰਦੇ

ਆਰਬਿਟਲ ਬੰਬ ਫਟੇ ਨੇ

ਆਸਮਾਨ ਦਾ ਆਸਮਾਨ

ਸਿਵੇ ਵਾਂਗ ਬਲ ਉਠਿਆ ਹੈ ।

ਆਪਣੀ ਧੁਰੀ ਦੁਆਲੇ ਅੰਨ੍ਹੇ ਵਾਹ ਦੌੜਦੀ ਭੋਂ

ਅਚਾਨਕ ਭੁਆਟਣੀ ਖਾ ਕੇ

ਉਲਟੀ ਹੋ ਗਈ ਹੈ ।

ਨੀਊਯਾਰਕ

ਮਾਸਕੋ

ਦਿੱਲੀ, ਬਰਲਿਨ

ਪੀਕਿੰਗ, ਪੈਰਿਸ ਲੰਡਨ ਤੇ ਟੋਕਿਓ

ਆਸਮ ਨਾ ਛੂੰਹਦੇ

ਮਾਰੂ ਭਾਬੜਾਂ ਦੀ ਲਪੇਟ ‘ਚ ਨੇ

ਥਲ ਜੰਗਲ ਬਲ ਉਠੇ ਨੇ

ਪਹਾੜ ਢਲ ਉਠੇ ਨੇ

ਸਮੁੰਦਰ

ਤੇਲ ਦੇ ਉਬਲਦੇ ਕੜਹਿਆਂ ‘ਚ

ਬਦਲ ਚੁੱਕੇ ਨੇ

ਜ਼ਿੰਦਗੀ ਦੀ ਤਾਰ ‘ਤੇ ਥਰਕਦੇ ਸ਼ਹਿਰ

ਮਰੇ ਲੋਕਾਂ ਦੇ ਸਾਂਭਣ ਵਾਲੇ

ਮਸਾਯ ਘਾਟਾਂ ਤੋਂ ਘੱਟ ਨਹੀਂ

ਹਾਮਲਾ ਇਸਤਰੀਆਂ ਦੇ ਪੇਟ

ਕੂੜੇ ਦੇ ਢੇਰ 'ਤੇ ਪਈਆਂ

ਸੜੀਆਂ ਮੱਛੀਆਂ ਵਾਂਗ ਫੁੱਲੇ ਪਏ ਨੇ

ਮਨੁੱਖ–

ਚੰਨ, ਚੇਤਨਾ

ਮਾਨਵਤਾ ਕਿ ਵਿਸਥਾਰ ਵਲ ?

ਮਿਰਗੀ, ਪਾਗਲਪਨ, ਮੌਤ

ਕਿ ਸਮੱਗਰ ਤਬਾਹੀ ਵਲ ?

ਲਾਲ ਸੂਹੇ ਪੁਲਾੜ 'ਚ

ਜਿਸ ਪਾਸੇ ਵੀ ਨਜ਼ਰ ਮਾਰੋ

ਤਿੜਕਦੇ ਆਤਸ਼ੀ ਪ੍ਰਮਾਣੂੰਆਂ ਦਾ ਅੰਨ੍ਹਾਂ ਪਰਸਾਰ ਹੈ

ਅਸਮਾਨ ਵਿਚ ਚੁਫੇਰੇ

ਐਟਮੀ ਧੂੰਏ ਦੇ ਵਿਹੁਲੇ ਦਰਖ਼ਤ ਲਟਕਦੇ ਨੇ

ਉਡਦੀਆਂ ਅੱਗਾਂ

ਲੂੰਹਦੀਆਂ ਗੈਸਾਂ

ਸਭ 'ਮੌਤ' ਦੇ ਇਕ ਦੋ ਅੱਖਰੇ ਸ਼ਬਦ ਦਾ ਵਿਸਥਾਰ ਹੈ

ਏਸ ਪਰਲੋ ਪਿਛੋਂ ਬਦਕਿਸਮਤ ਜੋ ਬਚਿਆ ਵੀ ਹੈ

ਵਿੰਗਾ ਬੋਲਾ, ਭੈਂਗਾ

ਦੁਆਲੇ ਖਿਲਰੀਆਂ ਲੋਥਾਂ ਦੀ

ਨਿਰਦਈ ਫ਼ਿਲਮ ਦੇਖਣ ਲਈ

ਝੁਲਸੀ ਧਰਤੀ ਹੈ

ਕਿ ਬਾਂਝ ਇਸਤਰੀ ਦੀ ਬੱਚੇਦਾਨੀ ਹੈ ?

ਤੁਸੀਂ ਮੇਰੀ ਦਸ਼ਾ ਜਾਨਣ ਲਈ ਵੀ

ਉਤਸੁਕ ਹੋਵੇਗੇ !

ਮੈਂ –

ਇਸ ਵੇਲੇ ‘ਮੈਂ’ ਨਹੀਂ

ਡਰ ਸਹਿਮ, ਭਗਦੜ, ਤੇ ਚੀਖ ਚਿਹਾੜੇ ਦਾ

ਚਫਪੇਰੇ ‘ਚ ਗੁਆਚਿਆ ‘ਸਮੂਹ’ ਹਾਂ

ਅਗਲੇ ਛਿਣ

ਮੈਂ ਪੱਥਰ ਧਾਤ ਦੇ ਸਮੇਂ ਦਾ ਕਈ ਜੱਤਲ ਮਨੁੱਖ ਹੋਵਾਂ

ਅਣਹੋਣੀ ਗੱਲ ਨਹੀਂ ।

ਸੱਤ

ਮੇਰੀ ਹਰ ਨਵੀਂ ਗੱਲ

ਤੁਹਾਡੇ ਲਈ ਨਵੀਂ ਵਿਰੋਧਤਾ ਹੈ

ਗਿਲਾ ਹੈ

ਮੈਨੂੰ ਸਮਝਿਆ ਨਹੀਂ ਗਿਆ।

ਮੈਂ ਔਰਤ ਦੀ ਗੱਲ ਨਹੀਂ ਛੇੜੀ

ਮੇਰੇ ‘ਤੇ ਪੱਥਰ ਪਏ

ਜਿਵੇਂ ਤੁਸੀਂ ਔਰਤ ਦੀ ਕੁੱਖੋਂ ਨਹੀਂ

ਕਿਸੇ ਮੱਝ ਦੀ ਕੁੱਖੋਂ ਪੈਦਾ ਹੋਏ ਹੋਵੇ ।

ਫ਼ਰਸੂਦਾ ਰਵਾਇਤ ਵਿਰੁਧ

ਵਿਦਰੋਹ ਦਾ ਜ਼ਿਕਰ ਕਤਿਾ

ਮੈਨੂੰ ਆਪ-ਹੁਦਰਾ ਆਖਿਆ ਗਿਆ

ਕੀ ‘ਵਿਦਰੋਹ’ ਬੰਦੇ ਨਹੀਂ,

ਪਸ਼ੂ ਕਰਦੇ ਨੇ ?

ਕੀ ਉਹਨਾਂ ਕੋਲ ਸਵਾਸ ਨਹੀਂ ਹੁੰਦੇ

ਉਹਨਾਂ ਕੋਲ ਸੋਚਾਂ ਦੀ ਅੱਗ

ਅਹਿਸਾਸਾਂ ਦਾ ਤਾਅ ਨਹੀਂ ਹੁੰਦਾ ?

ਤੁਹਾਡੇ ਕੋਲ ਪੱਥਰ ਦੀ ਅੱਖ ਸੀ

ਤੁਹਾਨੂੰ ਦਿੱਸਿਆ ਨਹੀਂ

ਮੇਰਾ ਵਿਦਰੋਹ

ਦਿਸ਼ਾ-ਹੀਣ ਨਹੀਂ ਸੀ ।

2

ਤੁਹਾਨੂੰ ਪਤਾ ਨਹੀਂ ਲੱਗਾ

ਮੈਂ ਤੁਹਾਡੇ 'ਚ ਲੁਕੇ

ਸ਼ੈਤਾਨ ਨੂੰ ਪਕੜਨ ਦਾ ਯਤਨ ਕੀਤਾ ਸੀ

ਤੁਹਾਨੂੰ ਦੁੱਖ ਹੋਇਆ

ਤੁਹਾਡੇ ਫ਼ਰਸੁਦਾ ਧਰਮ

ਤੇ ਨਿਪੁੰਸਕ ਦੇਵਤਿਆਂ ਦਾ ਪਾਜ

ਮੈਂ ਚੁਰੱਸਤੇ 'ਚ ਕਿਉਂ ਖੋਲ੍ਹਿਆ ਹੈ ?

ਤੁਹਾਡੀ ਨਜ਼ਰ

ਦੂਰ ਆਕਸ਼ ਪਾਤਾਲ 'ਚ ਲੁਕੇ

ਦੇਵਤਿਆ ਤਕ ਤਾਂ ਜਾਂਦੀ ਹੈ !

ਸਾਹਵੇਂ ਬੈਠੇ ਮਨੁੱਖ ਤਕ ਕਿਉਂ ਨਹੀਂ ਜਾਂਦੀ ?

ਇਹਨਾਂ ਗਿਰਜਿਆਂ ਮਸੀਤਾਂ ਦੀ

ਹਨੇਰੀ ਕੈਦ 'ਚੋਂ ਖ਼ੁਦਾ ਲੱਭਣ ਵਾਲਿਓ !

ਗਹੁ ਨਾਲ ਦੇਖੋ

ਮਨੁਖ ਵੀ ਇਕ ਖੁੱਲੀ ਅੰਜੀਲ ਹੈ

ਇਹ ਵੀ ਇਹ ਜੀਉਂਦਾ ਜਾਗਦਾ

ਸਾਹ ਲੈਂਦਾ ਖ਼ੁਦਾ ਹੈ ।

3

ਮੈਂ ਦੇਖਿਆ ਹੈ

ਤੁਸੀਂ ਅੰਜੀਲ ਪੜ੍ਹ ਕੇ ਵੀ

ਅੰਜੀਲ ਦੇ ਅਰਥਾਂ ਤਕ ਅਪੜੇ ਨਹੀਂ

ਤਨਖ਼ਾਹ ਲਈ ਬਣੀ

ਈਸਾਈ ਧਰਮ ਦੀ ਹਰ ਸੰਤਣੀ

ਦਿਨ ਭਰ ਈਸ ਨੂੰ ਭੋਗ ਕੇ

ਸੂਰਜ ਢਲਦੇ

ਫੋਕੇ ਛਿਲਕੇ ਵਾਂਗ ਹੂੰਝ ਕੇ

ਗਿਰਜਿਓਂ ਬਾਹਰ

ਉਸ ਨੂੰ ਕੂੜੇ ਦੇ ਢੇਰ ‘ਤੇ ਸੁੱਟ ਆਉਂਦੀ ਹੈ

ਜਿਵੇਂ ਰਾਤ ਦੀ ਨੀਂਦਰ ਲਈ

ਉਹ ਕੋਈ ਰੁਕਾਵਟੀ ਸ਼ੈ ਹੋਵੇ।

4

ਮੈਨੂੰ ਪਰੰਪਰਾ ਦੇ ਸੰਗਲਾਂ ‘ਚ

ਨੂੜਨ ਦਾ ਯਤਨ ਨਾ ਕਰੋ

ਮੇਰੀ ਵਿਦਰੋਹੀ ਮਿੱਟੀ ਲਈ

ਏਸ ਕੈਦ ਦਾ ਕੋਈ ਅਹਿਸਾਸ ਨਹੀਂ

ਇਹ ਬੰਧਨ, ਇਹ ਰੱਸੇ

ਆਪਣੇ ਘਰ ਦੀ ਕਿੱਲੀ ‘ਤੇ ਟੰਗੀ ਰੱਖੋ

ਪੈਖੜ ਵਿਦਰੋਹੀਆਂ ਲਈ ਨਹੀਂ

ਘੋੜਿਆਂ ਲਈ ਹੁੰਦੇ ਨੇ ।

5

ਤੁਹਾਡੀ ਬੰਜਰ ਸੋਚਣੀ

ਬਾਂਝ ਕੁਹਾੜੀ ਵਾਂਗ ਕੁੜਕ ਹੋ ਚੁੱਕੀ ਹੈ

ਅਜਿਹੇ ਪਿਤਾ ਮੇਰੇ ਤਰਸ ਦੇ ਪਾਤਰ ਨੇ

ਜੋ ਹਰ ਸਾਲ ਅੰਨ੍ਹੇ ਵਾ

ਸਤਮਾਂਹੇ ਅਠਮਾਹੇਂ ਬੱਚੇ ਜਣੀ ਜਾਂਦੇ ਨੇ

ਮੇਰੇ ਅਜ ਦੇ ਸਿਲਵਾਏ ਬਸਤਰ

ਕਲ੍ਹ ਛੋਟੇ ਹੋ ਜਾਂਦੇ ਨੇ

ਤੁਹਾਨੂੰ ਗਿਲਾ ਹੈ

ਮੈਂ ਇੰਚਾਂ ਦੇ ਹਸਾਬ ਨਾਲ ਨਹੀਂ

ਫੁੱਟਾਂ ਦੇ ਹਿਸਾਬ ਨਾਲ ਕਿਉਂ ਵਧਦਾ ਹਾਂ ?

6

ਮੈਨੂੰ ਦਬਾਣਾ ਸੌਖਾਂ ਨਹੀਂ

ਤੇ ਮੈਂ ਸਿਸੀਪਸ ਹਾਂ

ਏਸ ਪਰਬਤ, ਏਸ ਪੱਥਰ ਨਾਲ

ਮੇਰੀ ਪੁਰਾਣੀ ਟੱਕਰ ਹੈ ।

ਅੱਠ

ਬੀਤ ਰਹੇ ਵਰਤਮਾਨ ਦਾ ਜ਼ਿਕਰ ਛਿੜਿਆ ਹੈ

ਫੇਰ 'ਸ਼ੀਸ਼ੇ ਨਾਲ

ਮੇਰਾ ਦਹਿਕਦਾ ਮੱਥਾ ਭਿੜਿਆ ਹੈ

ਮੇਰੀਆਂ ਸੱਤ-ਰਗਾਂ 'ਚ

ਅੱਗ ਵਰਗਾ ਲਹੂ ਗਿੜਿਆ ਹੈ

ਇਹ ਛਿਣ

ਜੋ ਵੇਂਹਦੇ ਵੇਂਹਦੇ

ਮੇਰੇ ਸਾਹਾਂ ਦੇ ਸੇਕ ਨਾਲ

ਮੇਰੀ ਤਲੀ 'ਤੇ ਢਲਿਆ ਹੈ

ਇਸ ਦੇ ਸੇਕ ਨਾਲ

ਮੇਰਾ ਸਾਰਾ ਜਿਸਮ ਬਲਿਆ ਹੈ

ਇਹ ਦੁਸ਼ਮਣ ਮੇਰੇ ਲਹੂ 'ਤੇ ਪਲਿਆ ਹੈ

ਇਸ ਦੌੜਦੇ ਅਗਨ-ਚੱਕਰ 'ਚ

ਮੇਰਾ ਸਗਲਾ ਆਪ ਢਲਿਆ ਹੈ

ਇਹ ਸਿੱਕੇ ਵਾਂਗ ਥਿਰ ਨਹੀਂ

ਪਾਰੇ ਵਾਂਗ ਤੁਰਦਾ ਹੈ ।

ਇਹ ਛਿਣ

ਇਹ ਛਿਣ ਪਹਿਲਾਂ

ਡਾਰਵਨ ਨੇ ਤਿੱਖੇ ਦੰਦਾਂ ਹੇਠ ਲਿਆ

ਇਕ ਛਿਣ ਮਗਰੋਂ

ਇਹ ਭੁੱਖ ਦੇ ਹਾਬੜੇ ਜਬਾੜੇ ਹੇਠ ਗਿਆ

ਇਹ ਹੋਰ ਛਿਣ ਮਗਰੋਂ

ਕਾਮ ਸੂਤਰ ਦੇ ਆਸਣਾਂ 'ਚ ਉਲਝਿਆ

ਇਹ ਕਿਸੇ ਅਗਨ-ਸਰਪਣੀ ਦੇ ਪੇਟੇ ਪਿਆ

ਇਹ ਹੋਰ ਛਿਣ ਮਗਰੋਂ

ਸਾਰਤਰ ਤੇ ਮਾਰਕਸ ਦੀਆਂ ਸੋਚਾਂ ਨਾਲ ਉਲਝਦਾ

ਜ਼ਿਹਨ 'ਚ ਧੁਖਦੀ

ਕਿਸੇ 'ਸੁਤੰਤਰ ਸੋਚ' ਪਿਛੇ ਗਿਆ

ਇਹ ਟੁੱਟਦਾ ਭੁਰਦਾ, ਪਿਘਲਦਾ

ਗਿਰਗਟ ਵਾਂਗ

ਰੰਗ ਬਦਲਦਾ ਛਲੇਡਾ ਹੈ

ਇਹ

ਜਿਸ ਦੀ ਅਸਥਿਰਤਾ

ਨਿਰੰਤਰ ਬੀਤ ਰਹੇ ਦੀ ਤਰਲ ਥਿਰਤਾ ਹੈ

ਇਹ ਛਿਣ

ਛਲੇਡਾ ਨਹੀਂ-ਹਕੀਕਤ ਹੈ

ਮਿਥਿਆ ਨਹੀਂ- ਮਨੁੱਖ ਹੈ

ਇਸ ਦੇ ਘੇਰੇ ਤੋਂ ਬਾਹਰ -'ਹੁਣ' ਨਾਲੋਂ ਕੱਟੇ

ਕੱਲ੍ਹ ਦੇ ਲਾਰੇ ਤੇ ਸਹਾਰੇ 'ਤੇ ਜੀਣ ਵਾਲੇ

ਨਿਪੁੰਸਕਾਂ ਨਾਲ

ਸਾਡਾ ਵਾਸਤਾ ਨਹੀਂ ।

ਨੌਂ

ਦੁਨਿਆ ਕਿਤਨੀ ਸਭਿਆ ਹੋ ਗਈ ਹੈ ।

ਕਿਤਨੀ ਮਹੱਜ਼ਬ !

ਪਰਦੇ ਤੇ ਦੌ/ੜਦੀ ਫ਼ਿਲਮ ਦੇ ਸਨੈਪ ਸ਼ਾਟਾਂ ਵਾਂਗ

ਮਿਆਰ ਕਿੰਜ

ਬਿਜਲੀ ਦੇ ਝਟਕਿਆਂ ਦੀ

ਤੇਜ਼ੀ ਨਾਲ ਬਦਲ ਰਹੇ ਨੇ

ਆਵਾਜ਼ ਨਾਲੋਂ ਤੇਜ਼ ਦੀੜਦੇ ਜਹਾਜ਼ਾਂ ‘ਚ ਬੈਠ ਕੇ

ਗਲੋਬੀ-ਚੱਕਰ ਲਾ ਆਓ

ਅੰਤ੍ਰਖਸ਼ ਵਿਮਾਣਾਂ ‘ਚ ਬਹਿ ਕੇ

ਖ਼ਲਾਅ ‘ਚ ਟਹਿਲੇ

ਪੁਲਾੜਾਂ ‘ਚ ਤਾਰੀ ਲਾ ਆਓ

ਭੂ-ਨਿਮਨ ਟੀਊਬਾਂ ‘ਚ ਬੰਦ ਹੋ ਕੇ

ਸ਼ਹਿਰ ਦੇ ਥੱਲੇ ਹੀ ਥੱਲੇ

ਅੰਨ੍ਹੇ ਟ੍ਰੈਫ਼ਿਕ

ਭੁੱਖੀਆਂ, ਹਲਕੀਆਂ, ਆਵਾਜ਼ਾਂ ਤੋਂ

ਦੂਰ ਚਲੇ ਜਾਓ

ਸਮੁੰਦਰ ਦੇ ਵਿਸ਼ਾਲ ਪਾਣੀਆਂ ਹੇਠ

ਤਹਿ ਦਰ ਤਹਿ

ਤਲ ‘ਤੇ ਉਤਰ ਜਾਓ

ਛਣਕਦੇ ਹਾਸੇ

ਗੁਟਕਦੇ ਕਹਿ ਕੇ

ਸੁਲਗਦੇ ਬੋਲ

ਮੁੱਠੀ ‘ਚ ਫੜ ਲਵੋ

ਜਮ੍ਹਾਂ ਤਫ਼ਰੀਕਾਂ ਦੀ ਰੁਕਾਵਟੀ ਦੌੜ ‘ਚ

ਦੇਖੋ ਮਨੁੱਖਾਂ ਨਾਲੋਂ

ਕਪਿਊਟਰਾਂ ਦੇ ਮਕੈਨਿਕੀ ਜ਼ਿਹਨ

ਕਿੰਨੇ ਅੱਗੇ ਨਿਕਲ ਗਏ ਨੇ ?

ਹੋਟਲਾਂ, ਥੀਏਟਰਾਂ

ਨਾਚ ਘਰਾਂ ਤੇ ਨਾਈਟ ਕਲੱਬਾਂ ‘ਚ

ਅਜੀਬ ਗਹਿ-ਗੱਚ ਜ਼ਿੰਦਗੀ ਦੇ ਦਰਸ਼ਨ ਹੁੰਦੇ ਨੇ

ਥਿੰਦੇ ਅੰਗਾਂ ਤੇ ਤਿਲ੍ਹਕਦੀ ਤਿਲ੍ਹਕਦੀ

ਹਾਬੜ ਅੱਖ

ਸਰਕਦੀ ਸਰਕਦੀ

ਅਜੀਬ ਥਾਂ ‘ਤੇ ਜਾ ਰੁਕਦੀ ਹੈ

ਰੁਕਦੀ ਹੀ ਨਹੀਂ

ਦੂਰ-ਬੜੀ ਦੂਰ

ਲੱਤਾਂ ਵਿਚਲੇ ਡੂੰਘੇ ਪਾਤਾਲ ‘ਚ ਜਾ ਰੁਕਦੀ ਹੈ

ਤੇ ਦਰਸ਼ਕ ਸੋਚਦੇ ਰਹਿ ਜਾਂਦੇ ਨੇ

ਇਹ ਬੀਤ ਰਿਹਾ ਛਿਣ

ਕੱਲ੍ਹ ਦੇ ਨਾਟਕ ਵਾਲੀ

ਕੋਈ ਮਿਥਿਹਾਸਕ ਝਾਕੀ ਨਹੀਂ

ਕੁਝ ਫ਼ੁੱਟਾਂ ਦੀ ਵਿਥ ‘ਤੇ ਸਾਹਵੇਂ ਵਿਚਰਦਾ

ਯਥਾਰਥ ਦਾ ਜੀਉਂਦਾ ਛਿਣ ਹੈ।

ਹੋ ਸਕਦਾ, ਇਹੋ

ਅਜ ਦੇ ਫ਼ਲਸਫ਼ੀ ਦਾ ਰਹੱਸਵਾਦੀ ਛਿਣ ਹੋਵੇ

ਇਹੋ ਅਜ ਦੇ ਭਰਥਰੀ ਦਾ ‘ਅਮਰ ਛਲ’

ਤੇ ਸ਼ਿਵ ਦਾ ਤੀਸਰਾ ਨੇਤਰ ਹੋਵੇ।

ਦੱਸ

ਤੁਹਾਡੇ ਲਈ

ਇਕ ਸਦੀ ਹਰ ਜਿਊਂਦੇ ਰਹਿਣ ਲਈ

ਪੇਸ਼ਾਵਰ ਕਲਾਕਾਰਾਂ ਮੂੰਹੋਂ ਸੁਣੀਆਂ

ਪੰਜ ਹਜ਼ਾਰ ਵਰ੍ਹੇ ਪੁਰਾਣੀਆਂ

ਰਾਮਾਇਣ ਮਹਾਂਭਾਰਤ ਦੀਆਂ ਕਥਾਵਾਂ ਕਾਫ਼ੀ ਹਨ

ਚਲਦੇ ਅਗਨ ਬਾਣਾਂ

ਉੱਡਦੇ ਉੱਡਣ ਖਟੋਲਿਆਂ ਦਾ ਤਸੱਵਰ

ਉੱਡਣ ਪਰੀਆਂ ਦੇ ਤਸੱਵਰ ਤੋਂ ਘਟ ਨਹੀਂ

ਅਪੋਲੋਆਂ ਸਪੂਤਨਕਾਂ 'ਚ ਬਹਿ ਕੇ

ਉਪਗ੍ਰਹਿਆਂ 'ਤੇ ਪੁਜਣ ਦੀ ਥਾਂ

ਤੁਹਾਡੇ ਲਈ ਹਨੰਮਾਨ ਦੀ ਪੂਛ 'ਤੇ ਬਹਿ ਕੇ

ਉਥੇ ਪੁਜਣਾ ਸੌਖਾ ਹੈ ।

ਬੀਤ ਰਹੇ ਦੇ ਛਿਣ ਤੋਂ ਟੱਟ ਕੇ

ਪੰਜ ਹਜ਼ਾਰ ਵਰ੍ਹੇ ਪਿਛੇ ਇਕ ਮੁਰਦਾ ਛਿਣ ਵਿਚ

ਮਰੇ ਹੋਏ ਪੁਰਖਿਆਂ ਦੇ ਕੰਕਾਲਾਂ ਉਹਲੇ ਵਿਚਰਨ ਵਾਲਿਓ !

'ਵਰਤਮਾਨ' ਤੋਂ ਬਚ ਕੇ ਕਿੱਥੇ ਜਾਓ ਗੇ ?

ਬੀਤ ਰਿਹਾ ਛਿਣ

ਬੜਾ ਜ਼ਾਲਮ ਹੈ !

ਮੂੰਹ ਪਰਤੋ

ਆਪਣੀਆ ਮਨਹੂਸ ਨਜ਼ਰਾਂ

ਪਰ੍ਹੇ ਹਟਾਓ

ਤੁਹਾਡੀ ਨਜ਼ਰ ਨਾਲ

ਸਾਹਵੇਂ ਲਟਕਦੇ

ਸਫ਼ੇਦ ਪਰਦੇ ਦਾ ਰੰਗ

ਕਾਲਾ ਫਿਰ ਰਿਹਾ ਹੈ

ਆਪਣੀਆਂ ਇਸਤਰੀਆ ਤੋਂ

ਸਵੱਸਥ ਬੱਚਿਆ ਦੀ ਆਸ ਲਾਈ ਬੈਠੇ ਹੋ

ਜਾਓ !

ਇਨ੍ਹਾਂ ਸਾਰੀਆਂ ਨੂੰ

ਕਿਸੇ ਕਆੜ ਖ਼ਾਨੇ 'ਚ ਜਮ੍ਹਾਂ ਕਰਾ ਆਓ !

ਤੁਹਾਡੀ ਨਜ਼ਰ

ਸਖ਼ਤ ਤੋਂ ਸਖ਼ਤ ਪੱਥਰ ਤਾ ਪਾੜ ਸਕਦੀ ਹੈ

ਪਰ ਸਾਹਵੇਂ

ਕੰਧ 'ਤੇ ਉੱਕਰੇ ਖ਼ਤਰੇ ਦੇ ਅੱਖਰ

ਇਸ ਨੂੰ ਕਿਉਂ ਨਹੀਂ ਦਿਸਦੇ ?

ਹਜ਼ਰਤ !

ਸੱਚ ਦੀਆ ਕਿਸਮਾਂ ਨਹੀਂ ਹੁੰਦੀਆਂ

ਕਬੂਤਰ ਦੇ ਅੱਖਾਂ ਮੀਟਣ ਨਾਲ

ਬਿੱਲੀ ਦਾ ਖ਼ਤਰਾ ਟੱਲ ਨਹੀਂ ਜਾਂਦਾ

ਇਸੇ ਲਈ ਮੈਂ ਕਹਿੰਨਾ ਹਾਂ

ਬੀਮਾਰ ਪਰੰਪਰਾ ਦੇ ਨਿਪੁੰਸਕ ਅਲਮਬਰਦਾਰਾਂ ਲਈ

ਹੁਣ ਲਿੰਗ ਬਦਲੀ ਦੀ ਲੋੜ ਹੈ ।

ਗਿਆਰਾਂ

ਦਿੱਲੀ ਨੈਰੋਬੀ

ਲੰਡਨ ਤੇ ਪੈਰਿਸ

ਮੈਂ ਇੱਕੋ ਅੱਗ 'ਚ ਬਲਦੇ ਦੇਖੇ

ਨੈਰੋਬੀ ਤੇ ਲੰਡਨ ਵਲ

ਅੱਧ- ਅਸਮਾਨ ਉੱਡਦੇ ਅਸਮਾਨ ਵਿਚ

ਮੇਰੀ ਇਕ ਦਾੜ੍ਹ ਹੇਠ ਚਿੱਟੀ

ਤੇ ਦੂਜੀ ਹੇਠ ਕਾਲੀ

ਏਅਰ ਹੋਸਟੈੱਸ ਦੇਖ ਕੇ

ਮੇਰੇ 'ਤੇ ਹੱਸਣ ਵਾਲੇ ਲੋਕ ਵੀ

ਮੈਨੂੰ ਏਸੇ ਅੱਗ ਦੇ ਲਪੇਟੇ 'ਚ ਦਿੱਸੇ

ਵਿਮਾਣ 'ਚ ਉੱਡਦੇ ਹਰ ਕਮਜ਼ੋਰ ਛਿਣ

ਮੈਂ ਇਹੋ ਸੋਚ ਰਿਹਾ ਸਾਂ

ਇਹ ਅੱਗ ਫੈਲਦੀ ਫੈਲਦੀ

ਹਰ ਉਲਾਂਘਦੀ ਇਸਤਰੀ ਤਕ ਚਲੀ ਜਾਵੇ

ਤੇ ਮੁਸਾਫ਼ਰਾਂ ਸਮੇਤ

ਮੇਰਾ ਤੇ ਉੱਡਦੇ ਵਿਮਾਣ ਦਾ

ਅੱਖ ਫੋਰੇ 'ਚ ਧਮਾਕਾ ਬੋਲ ਜਾਵੇ

ਕਾਸਮੋਪਾਲੀਟਨ ਨਗਰਾਂ ਦੇ ਬਜ਼ਾਰਾਂ 'ਚ

ਰਾਤ ਵੇਲੇ ਘੁੰਮਦੇ ਲੋਕ

ਲਹੂ ਮਾਸ ਦੇ ਨਹੀਂ

ਗੰਧਕ ਫ਼ਾਸਫੋਰਸ ਦੇ ਬਣੇ

ਮਨੁੱਖ ਔਰਤਾਂ ਜਾਪਦੇ ਸਨ

ਸੁਣਿਆ ਹੈ

ਅੱਗ, ਅੱਗ ਨੂੰ ਮਾਰਦੀ ਹੈ

ਪਰ ''ਤਿੰਨ ਮਹਾਂਦੀਪਾਂ'' ਦੇ ਭੱਠਾਂ ਦੀ ਅੱਗ ਖਾ ਕੇ ਵੀ

ਮੈਂ ਮਰਿਆ ਨਹੀ

ਇਕੋਤਰ ਸੌ ਅੱਗ ਚੋਂ ਲੰਘ ਕੇ

ਸੁਆਹ ਹੋਣ ਦੀ ਥਾਂ

ਮੈਂ ਅਜੇ ਤਕ ਜੀਊਂਦਾ

ਓਸੇ ਤਾੜੇ ਬਲਦਾ ਹਾਂ

ਖ਼ੈਰੇ ਮੈਨੂੰ

ਮੇਰੀ ਭੁੱਖੀ ਪੀੜ੍ਹੀ ਨੂੰ

ਕਿਸ "ਮਹਾਂ ਬਲੀ" ਦਾ ਵਰ ਪ੍ਰਾਪਤ ਹੇ ?

ਬਾਰਾਂ

ਤੁਹਾਡੇ ਸਰੀਰ 'ਚ

ਪਿੱਪਲ ਦਾ ਰੁੱਖ ਉਲਟਾ ਉੱਗਿਆ ਹੈ

ਜੜ੍ਹਾਂ ਖੋਪਰੀ- ਪੱਤੇ ਪੇਰਾਂ 'ਚ

ਤੁਸੀਂ ਦੱਸੋ

ਬਦਲਦੇ ਯਥਾਰਥ ਦੀ ਗੱਲ

ਤੁਹਾਡੇ ਖੋਪਰ 'ਚ ਕਿਵੇਂ ਉਤਰੇ ?

2

ਮੇਰੇ ਕਮਰੇ ਤੋਂ ਬਾਹਰ

ਸੜਕ ਤੇ ਫ਼ੁਟ ਪਾਥ 'ਤੇ ਤੁਰੀ ਜਾਂਦੀ

ਪਿਘਲੀ ਹੋਈ ਥਲ ਤਲ ਕਰਦੀ ਔਰਤ

ਬਾਰੀ ਦਾ ਸ਼ੀਸ਼ਾ ਤੋੜ ਕੇ

ਮੇਰੇ ਬਿਸਤਰੇ ਤੇ ਆ ਗਈ ਹੈ

ਗੁਆਢਣਾਂ ਦੀ ਗੱਲ ਦੇਖੋ

ਬਿਸਤਰ 'ਤੇ ਢੇਰੀ ਹੋਈ ਔਰਤ

ਸਭ ਦੀਆਂ ਅੱਖਾਂ 'ਚ ਹੈ

ਵਿਚਾਰਾ, ਬਾਹਰਲੀ ਕਸਰ ਹੇਠ ਆਇਆ ਮਨੁੱਖ

ਕਿਸੇ ਦੇ ਫ਼ੋਕਸ ‘ਚ ਨਹੀਂ ।

3.

ਸਾਇੰਸ ਨੇ ਬੜੀ ਉੱਨਤੀ ਕੀਤੀ ਹੈ

ਰਾਕਟ, ਅਪੋਲੋ ਚੰਦਰਯਾਨ

ਤੇ ਅਨੇਕਾ ਉੱਡਣ ਸ਼ਸਤਰ ਈਜ਼ਾਦ ਹੋ ਗਏ ਨੇ

ਅੱਗ ਇਕ ਦੇਸ਼ ‘ਚ ਵਰ੍ਹਦੀ ਹੈ

ਸੇਕ ਦੂਰ ਦੂਰ ਜਾਂਦਾ ਹੈ

ਚੰਦ ਹੁਣ ਬੇਮੌਕਾ ਬਾਂਗ ਦੇਣ ਵਾਲਾ

ਸ਼ਰਾਰਤੀ ‘ਕੁੱਕੜ’ ਨਹੀਂ ਰਿਹਾ

ਕੁਝ ਹੋਰ ਹੋ ਗਿਆ ਹੈ

ਇਹ ਲੋਕ

ਦੇਖਣ ਨੂੰ ਤਾਂ ਪੁਲਾਘਾਂ

ਅਗੇ ਅਗੇ ਵਲ ਪੁਟਦੇ ਨੇ

ਪਰ ਪੈਰ

ਜਾਂ ਤਾਂ ਥਾਂ ਦੀ ਥਾਂ

ਜਾਂ ਪਿਛਾਂਹ ਵਲ ਜਾਂਦੇ ਦਿਸਦੇ ਨੇ

ਹਵਾ ‘ਚ ਲਟਕਦੀ ਪੌੜੀ ‘ਤੇ

ਉਲਟੇ ਲਟਕੇ ਮਨੁੱਖਾਂ ਦਾ -ਗਿੱਲਾ ਵੀ ਕਿਸ ਤੇ ?

4.

ਏਸ਼ੀਆ, ਅਫ਼ਰੀਕਾ ‘ਚ

ਉਤਪਾਦਨ ਵਧ ਰਿਹਾ ਹੈ

ਮਨੁੱਖ ਦਾ ਚਿਹਰਾ

ਧਰਤੀ ਦਾ ਰੂਪ ਬਦਲ ਰਿਹਾ ਹੈ

ਚਿਮਨੀਆਂ ਦੇ ਚੁੱਲ੍ਹੇ ‘ਚ

ਮਨੁੱਖ ਖੁਸ਼ ਹੋ ਕੇ ਬਦਲਦੇ ਨੇ

ਕੋਲਿਆ ਵਾਂਗ ਲਾਲ ਸੁਰਖ਼ ਹੁੰਦੇ

ਹੋਰ ਵੀ ਸੁੰਦਰ ਲਗਦੇ ਨੇ

ਖੇਤਾਂ 'ਚ ਅੰਨ ਉੱਗਦਾ ਹੈ

ਭੁੱਖ ਨਹੀਂ ਜੰਮਦੀ

ਹੁਣ ਜੇ ਕਿਸੇ ਰੱਜੇ ਹੋਏ ਨੇ

'ਭੁੱਖ' ਦੀ ਗੱਲ ਕੀਤੀ

'ਗੋਲੀ' ਦੀ ਗੱਲ ਸੁਣੇ ਗਾ ।

ਤੇਰ੍ਹਾਂ

ਤਲਖ ਯਥਾਰਥ

ਜ਼ਿੰਦਗੀ ਵਲ ਪਿੱਠ ਭੁਆ ਕੇ

ਤੁਸੀਂ ਗੂੜ੍ਹੀ ਨੀਂਦੇ ਸੁੱਤੇ ਪਏ ਸੀ

ਹਨੇਰੇ 'ਚ ਅਚਾਨਕ

ਤੁਹਾਡੇ ਬੂਹੇ ਖੜਕੇ

ਤੁਹਾਡੇ ਭਿੱਤ ਡੋਲੇ

ਤੁਹਾਡੇ ਘਰ ਦੀਆ ਬਰੂਹਾਂ ਸਾਹਵੇਂ

ਅਚਾਨਕ ਕੋਈ ਉੱਚੀ ਉੱਚੀ ਬੜ੍ਹਕਿਆ

ਮੈਂ ਦੌੜ ਕੇ ਆਇਆ, ਦੇਖਿਆ

ਤੁਹਾਡੇ ਵਿਹੜੇ 'ਚ ਸਿੰਗ-ਮਿੱਟੀ ਚੁੱਕਣ ਵਾਲਾ

ਮਾਰਖਾਂਡਾ ਸਾਨ੍ਹ ਨਹੀਂ

ਵਰਤਮਾਨ ਸੀ ।

ਚੌਦਾਂ

ਮੈਂ ਉਸ ਦਿਨ ਦੇ ਗਰਭੋਂ ਜਨਮਿਆ ਹਾਂ

ਕਾਫ਼ਕਾ ਦੇ

ਬੁਝੇ ਜ਼ਿਹਨ ਤੋਂ ਤੁਰ ਕੇ

ਜੋ ਕਾਮੂੰ ਦੀ ਸੁਲਗਦੀ ਸੋਚ ‘ਚ ਜਾ ਟੁੱਟਦਾ ਹੈ

ਰਗਾਂ ‘ਚ ਅੱਗ ਦੌੜਦੀ ਹੈ

ਅੱਖਾਂ ਚ

ਰੋਹ ਦੇ ਡੋਰੇ ਉਭਰ ਪੈਂਦੇ ਨੇ

ਸਾਹਾਂ ਤੇ ਲੋਹਾ ਉਤਰ ਆਉਂਦਾ ਹੈ

ਬੰਦੇ ਦੇ ਪੈਰ ਵਿਸ਼ਵਾਸ਼ ਨਾਲ

ਜੜ੍ਹਾਂ ਵਾਂਗ ਪਤਾਲ ‘ਚ ਗੱਡੇ ਜਾਂਦੇ ਨੇ

ਤੇ ਉਹ

ਅਚਾਨਕ ਪੁਕਾਰ ਉਠਦਾ ਹੈ

ਮੈਂ ਐਲ਼.ਐਸ ਡੀ. ਤੇ ਮੈਰੀਜੁਆਨਾ ਖਾ ਕੇ

ਹਫ਼ੀਮੀ ਨੀਂਦਰ ‘ਚ ਵਿਚਰਨ ਵਾਲਾ ਕੀਟਾਣੂੰ ਨਹੀਂ

ਮਨੁੱਖ ਹਾਂ

ਮੇਰੀ ਥਿੜਕੀ ਆਤਮਾ ‘ਚ

ਨਵਾਂ ‘ਰੱਬ’ ਉਤਰ ਆਇਆ ਹੈ ।

ਪੰਦਰਾਂ

ਮੇਰੇ ਸਾਹਵੇਂ

ਜੋ ਗੇਂਦ ਹੈ

ਅੱਗੇ ਅੱਗੇ ਨਿਰੰਤਰ ਦੌੜਦਾ ਬ੍ਰਹਿਮੰਡਕ ਗੋਲਾ ਹੈ

ਖ਼ਲਾਈ ਖ਼ੋਲ--ਖ਼ੋਲ ਨਹੀਂ

ਅੰਨ੍ਹਾਂ ਜੰਗਲ

ਤਪਦਾ ਮਾਰੂਥਲ

ਮੈਂ ਦੂਰ ਪਿਛੇ

ਕਾਫ਼ਕਾ ਦੇ ਸਿੱਲ੍ਹੇ ਬਾਥਰੂਮ ‘ਚ ਛੱਡ ਆਇਆ ਹਾਂ

(ਜਦੋਂ ਮੈਂ ਜ਼ੀਰੋ ਸਾਂ ਇਨ੍ਹਾਂ ਸਭਨਾਂ ਨੂੰ ਮਿਲਿਆ ਸਾਂ)

ਮੇਰਾ ਰਸਤਾ

ਕੋਈ ਘਿਸੀ ਪਿੱਟੀ

ਅੰਨ੍ਹੀ ਰੇਖਾ ਨਹੀਂ

ਨਾ ਹੀ ਮੇਰੀ ਅੱਖ

ਕਿਸੇ ਪਰਾਈ ਲੋਹੇ ਦੀ ਮੁੱਠੀ ‘ਚ ਬੰਦ ਹੈ

ਮੇਰੀ ਨਿਗਾਹ,

ਮੇਰੀ ਦਿਸ਼ਾ ਤੋਂ ਲਾਂਭੇ ਨਹੀਂ

ਮੇਰੀ ਦਿਸ਼ਾ

ਮੇਰੀ ਅੱਖ ਦੇ ਫ਼ੋਕਸ ‘ਚ ਹੈ

ਮੇਰਾ ਸੁਲਗਦਾ ਸਫ਼ਰ

ਕਾਮੂੰ ਦੇ ਵਿਦਰੋਹ ‘ਤੇ ਹੀ ਨਹੀਂ ਮੁੱਕ ਜਾਂਦਾ

ਇਹ ਤਾਂ ਉਸ ਤੋਂ

ਕੋਹਾਂ ਮੀਲ ਅੱਗੇ ਦੀ ਗੱਲ ਹੈ ।

ਸੋਲਾਂ

ਇਹ ਜੋ ਅਚਾਨਕ

ਜੰਮਿਆ ਹੋਇਆ ਕੱਕਰ ਤਿੜਕਿਆ

ਘੂਕ ਸੁੱਤਾ ਹੋਇਆ ਛੰਭ ਡੋਲਿਆ ਹੈ

ਜੁੱਸੇ ‘ਚ

ਬਲਦੀ ਹੋਈ ਬੇਤਾਬ ਆਤਮਾ ਲੈ ਕੇ

ਵਰਤਮਾਨ ਤੁਰਿਆ ਹੈ

(ਵਕਫ਼ਾ)

(ਦਲੇਰ ਹੋ ਕੇ ਸਿਰ ਲੱਥਾਂ ਵਾਲੇ ਅੰਦਾਜ਼ ‘ਚ)

ਜੋ ਮੁਸੀਬਤ ਆਉਣ ਵਾਲੀ

ਆਉਣ ਦੇਵੋ

ਮੇਰੇ ਸਿਰ ‘ਤੇ

ਜੋ ਤਬਾਹੀ ਢਹਿਣ ਵਾਲੀ

ਢਹਿਣ ਦੇਵੋ

ਮਾਰ ਜਰਜਰੀਆਂ ਦੀਵਾਰਾਂ ਨਾਲ ਮੱਥਾ

ਮੈਂ ਸਥਾਪਤ ਕੀਮਤਾਂ ਵਿਚ

ਵਿਘਨ ਦਾ ਦੋਸ਼ੀ ਬਣਾਂ ਗਾ।

ਚਾਣੱਕ

ਅੰਨ੍ਹੇ

ਹਨ

ਕਥਾ–ਰਹਿਤ

ਸੁਤੰਤਰ ਨਾਟਕੀ ਲਘੂ–ਕਾਵਿ

ਸੈਂਚੀ ਤੀਜੀ

ਸ਼ਿਵ ਕੁਮਾਰ ਤੇ ਬਲਰਾਜ ਸਾਹਨੀ ਦੇ ਨਾਂ !

ਅੰਕ ਪਹਿਲਾ

ਸਿਰ ‘ਚ ਟਾਇਪ ਰਾਈਟਰ, ਅਲੈਕਟ੍ਰਾਨਿਕ ਬ੍ਰੇਨ

ਟੈਲੀਪ੍ਰਿੰਟਰ ਤੇ ਕੰਪਿਊਟਰ

ਦਿਲ ‘ਚ ਟਿਕ ਟਿਕ ਕਰਦਾ ਇਟਰਨਾਸੌਨਿਕ ਟਾਈਮ ਪੀਸ

ਅੱਖਾਂ ਤੇ ਜ਼ੂਮ ਲੱਗਾ ਕੈਮਰਾ

ਮੂੰਹ ‘ਤੇ ਮਾਈਕ

ਛਾਤੀ ‘ਤੇ ਮੀਜ਼ਾਈਲ ਤੇ ਮਲਟੀਪਲ ਬੰਬ

ਲੱਤਾਂ ਹੇਠ ਪਹੀਏ

ਮੋਰਾਂ ‘ਤੇ ਜੈੱਟ- ਵਿਮਾਣ ਵਾਂਗ ਉੱਡਣ ਵਾਲੇ ਖੰਭ

ਕੋਲੇ ਪੈਟਰੌਲ ਬਿਜਲੀ ਤੇ ਪ੍ਰਮਾਣੂੰ ਸ਼ਕਤੀਨਾਲ ਚੱਲਣ ਵਾਲਾ ਮਨੁੱਖ

ਕਿੰਨਾ ਮਹੱਜ਼ਬ, ਉੱਨਤ

ਤੇ ਸਿਆਣਪੀ ਹੋ ਗਿਆ ਹੈ।

ਉਕਾਬ ਵਾਂਗ ਮੋਰ ਤਾਣੇ

ਉਹ ਘੰਟਾ ਘਰ ਦੀ ਮਮਟੀ ‘ਤੇ ਜਾ ਬੈਠਾ

ਚੁਫੇਰੇ ਮਹਾਂਨਗਰ

ਰੇਤਲੇ ਮਹਾਂਦੀਪ ਵਾਂਗ ਪਸਰਿਆ ਹੋਇਆ ਸੀ

ਕਿਤੇ ਅੱਗ ਲੱਗੀ ਸੀ

ਕਿਤੇ ਧੂੰਆ ਉੱਡਦਾ ਸੀ

ਮਸ਼ੀਨੀ ਖੜ ਖੜ

ਦੰਗੇ, ਕਤਲ, ਝਗੜੇ, ਜਲੂਸ,

ਹਰ ਪਾਸੇ ਕੰਨ ਪਾੜਦੇ ਝੁੰਜਲਾਏ ਬੋਲ

ਦਿਲ ਕੰਬਾਊ ਸ਼ੋਰੋਗੁਲ, ਹਾਹਾਕਾਰ

ਉਜਾੜ ਸੜਕਾਂ ‘ਤੇ

ਅੰਨ੍ਹੇ ਨੰਗੇ ਸਰੀਰਾਂ ਦੀ-ਬੇਹੁਦਾ ਪਾਗਲ ਦੌੜ

ਤੇਜ਼ ਧੜਕਨ ‘ਤੇ ਕੁਝ ਔਖੇ ਸਾਹਾਂ ਮਗਰੋਂ

ਸ਼ਤਰੂ ਦੇ ਹੈਲੀਕਾਪਟਰ ਵਾਂਗ

ਮਹਾਂ ਨਗਰਾਂ ਦੇ ਸਿਰ ‘ਤੇ

ਕਦੇ ਵਾ-ਵਰੋਲਾ ਉੱਡਦਾ

ਕਦੇ ਕੋਈ ਕਬਰ ਫਟਦੀ

ਕਦੇ ਕੋਈ ਸੜਦਾ ਬਲਦਾ ਡਰਾਉਣਾ ਮਾਰੂਥਲ ਤੈਰਨ ਲਗਦਾ ।

ਏਅਰ-ਰੋਡ ਦਾ ਅਲਾਰਮ ਵੱਜਦਾ ਹੈ। ਲੋਕਾਂ ਚ' ਮੋਰਚੇ ਖੰਦਕਾਂ ਅਤੇ ਉਹਲੇ ਲੱਭਣ ਲਈ ਆਪੋ ਧਾਪੀ ਮਚ ਜਾਂਦੀ ਹੈ ।

ਕੋਈ ਜਣਾ ਕੁਰੱਖਤ-ਮਨੁੱਖੀ ਬੋਲਾਂ 'ਚੋਂ ਸੁਹਿਰਦਤਾ ਤੇ ਸਹਾਨਭੂਤੀ ਲਭਦਾ ਹੈ । ਕੋਈ ਟੀਨ ਤੇ ਪਲਾਸਟਕ ਦੇ ਮਖੌਟਿਆਂ 'ਚੋਂ ਲਹੂ ਦੇ ਰਿਸ਼ਤੇ ਦੀ ਤਲਾਸ਼ ਕਰਦਾ ਹੈ ।

ਉਹ ਤੁਰਦਾ ਹੈ-ਰੁਕ ਜਾਂਦਾ ਹੈ

ਉਹ ਰੁਕਦਾ ਹੈ- ਤੁਰ ਪੈਂਦਾ ਹੈ

ਸਿਰ 'ਤੇ ਗਿਰਝਾਂ ਦਾ ਝੁੰਡ ਉੱਡਦਾ ਹੈ

ਉਸ ਦੇ ਹੋਸ਼ ਉੱਡ ਜਾਂਦੇ ਨੇ

ਕੱਟੇ ਪਤੰਗ ਦੀ ਡੋਰ ਵਾਂਗ

ਪੈਰਾਂ 'ਚ ਉਲਝੇ ਉਨ੍ਹਾਂ ਦੇ ਪਰਛਾਵੇਂ ਦੇਖ ਕੇ

ਉਸ ਦੇ ਕੰਬੇ ਹੋਏ ਜ਼ਿਹਨ 'ਚ

ਕਈ ਨਿੱਕੇ ਨਿੱਕੇ ਧਮਾਕੇ ਹੁੰਦੇ ਨੇ

ਚੰਗਾ ਭਲਾ ਕੋਮਲ ਭਾਵੀ ਜੀਵ

ਗਸ਼ ਖਾ ਕੇ

ਛਾਪਿਆਂ ਦੇ ਢੇਰ 'ਤੇ ਡਿਗ ਪੈਂਦਾ ਹੈ

ਹੋਸ਼ ਪਰਤਦੇ ਹਨ

ਨੰਗੇ ਗੋਡੇ ਪੂੰਝਦਾ

ਉਹ ਅੰਨ੍ਹੇ ਵਾ ਪਾਗਲਖ਼ਾਨੇ ਵਲ ਦੌੜ ਪੈਂਦਾ ਹੈ ।

'ਹੀਗਲ' 'ਨਿਤਸ਼ੇ' 'ਸਾਰਤਰ' ਤੇ 'ਮਾਰਕਸ' ਆਪਣੇ ਵਿਸ਼ੇਸ਼ ਪੋਜ਼, ਪੋਸ਼ਾਕ ਤੇ ਵਿਅਕਤ੍ਰਿਤ ਸਮੇਤ ਸਟੇਜ

ਤੇ ਅਉਂਦੇ ਹਨ ।

ਸ਼ਟੇਜ ਦੇ ਫੱਟਿਆਂ ਹੋਠੋਂ ਅਚਾਨਕ ਦੱਬੀਆ ਹੋਈਆਂ ਆਵਜ਼ਾਂ ਉਭਰਦੀਆਂ ਨੇ !

ਦਰਸ਼ਕਾਂ ਦੇ ਚਿਹਰਿਆਂ ਤੋਂ ਅਜੀਬ ਕਿਸਮ ਦੀ ਉਤਸੁਕਤਾ, ਖਲਬਲੀ, ਤੇ ਆਪ ਹੁਦਰੇ ਸਿਨਕੀ ਪਨ ਦੇ ਰਲੇ ਮਿਲੇ ਪ੍ਰਭਾਵ ਉਤਪੰਨ ਹੁੰਦੇ ਨੇ।

ਆਵਜ਼ਾਂ

ਕਲਾਊਨ ... ... ਹੀਰੋ ਬਣ ਗਏ

ਤੇ ਹੀਰੋ ... ... ਕਲਾਊਨ

ਸੂਰਦਾਸਾਂ ਦਾ ਜੁਗਲ ਗੀਤ ਬੰਦ ਕਰੋ !

{ਇਕ ਜ਼ੋਰਦਾਰ ਆਵਾਜ਼}

ਸੰਵਾਦਕ, ਭੌਤਿਕਵਾਦ, ਪਰਮ ਮਨੁੱਖਵਾਦ

ਅਸਤਿਤ੍ਵਵਾਦ ਤੇ ਸਾਮਵਾਦੀ ਫ਼ਲਸਫ਼ਿਆਂ ਦਾ

ਕੀ ਬਣੇਗਾ ?

ਦਰਸ਼ਕ ਅੰਨ੍ਹੇ ਕਿਉਂ ਨੇ ?

ਬੋਲੇ ਕਿਉਂ

ਗੂੰਗੇ ਕਿਉਂ ਹੋ ਗਏ ਨੇ ?

ਖ਼ੂਬਸੂਰਤ ਤੇ ਵੰਨ-ਸਵੰਨੇ ਵਸਤਰਾਂ ਸਮੇਤ

ਆਦਿ ਮਨੁੱਖ ਵਾਂਗ

ਇਹ ਸਾਰੇ ਨੰਗੇ ਕਿਉਂ ਨੇ ?

ਉਪ੍ਰੋਕਤ ਫ਼ਿਲਾਸਫ਼ਰ ਸਟੇਜ ਤੋਂ ਅਲੋਪ ਹੋ ਜਾਂਦੇ ਨੇ।

ਕਈ ਸ਼ੀਸ਼ੇ ਤੇ ਐਲੋਮੀਨੀਅਮ ਦੇ ਆਦਮ ਕੱਦ ਮਨੁੱਖ ਬੈਕ ਗਰਾਊਂਡ ਵਲੋਂ ਲਿਸ਼ਕਦੇ, ਇਕ ਲਾਈਨ 'ਚ ਇੱਕਠੇ ਸਟੇਜ ਤੇ ਉਭਰਦੇ ਹਨ ਤੇ ਵਾਰੋ ਵਾਰੀ ਨਿੱਕੇ ਨਿੱਕੇ ਸਵੈ-ਵਿਸਫੋਟਾਂ ਨਾਲ ਕੀਚਰਾਂ ਕੀਚਰਾਂ ਹੋ ਕੇ ਸਟੇਜ 'ਤੇ ਬਿਖਰ ਜਾਂਦੇ ਨੇ ।

ਸਟੇਜ ਦੀ ਇਕ ਨੁੱਕਰ 'ਚ ''ਸੂਤਰਧਾਰ'' ਗੱਤੇ ਦੀ ਕੁਰਸੀ ਤੇ ਬੈਠਾ ਹੋਇਆ ਦਰਸ਼ਕਾਂ ਨੂੰ ਸੰਬੋਧਨ ਕਰਕੇ ਬੋਲਣ ਲਗਦਾ ਹੈ -

ਅੱਜ ਰੱਬ ਦਾ ਨਹੀਂ,

ਸ਼ੈਤਾਨ ਦਾ ਜ਼ਮਾਨਾ ਹੈ !

ਸ਼ਬਦਾਂ 'ਚ ਸ਼ਬਦ

ਅਰਥਾਂ 'ਚ ਅਰਥ

ਬੋਲਾਂ 'ਚ ਬੋਲ

ਘਟਨਾਵਾਂ ਦੇ ਗਰਭ 'ਵ ਘਟਨਾਵਾਂ

ਖੋਦੇ ਮਨੁੱਖ

ਦਾੜ੍ਹੀਦਾਰ ਔਰਤਾਂ

ਸ਼ੀਸ਼ਿਆ ਦੇ ਥਲ ‘ਚ

ਜੀਊਂਦੇ ਮਨੁੱਖੀ ਹੱਡਾਂ ਦੇ ਢੇਰ

ਤਪੇ ਕਬਰਸਤਾਂ ‘ਚੋਂ ਉੱਡ ਕੇ ਪ੍ਰੇਤ ਪ੍ਰਛਾਵੇਂ

ਬੇਜਾਨ ਮਨੁੱਖੀ ਡਰਨਿਆਂ ਉਹਲੇ ਪਨਾਹ ਲੈ ਰਹੇ

ਝਟਕੇ ਹੋਏ ਬਕਰਿਆਂ ਵਾਂਗ

ਜੀਊਂਦੇ ਮਨੁੱਖਾਂ ਦੀਆਂ

ਖੱਲਾਂ ਦੇ ਖੋਪਰ ਲਹਿ ਰਹੇ ।

ਡਬ-ਖੜੱਬੇ ਵਸਤਰਾਂ ਵਾਲੀ ਇਕ ਅੱਧਖੜ ਇਸਤਰੀ, ਕੂਹਣੀਆਂ ਤਕ ਚਮੜੇ ਦੇ ਲੰਬੇ ਦਸਤਾਨੇ ਪਹਿਨੀ ਸਟੇਜ ਤੋਂ ਸ਼ੀਸ਼ੇ ਤੇ

ਐਲੋਮੀਨੀਅਮ ਦੀਆ ਕੀਚਰਾਂ ਹੂੰਝਣ ਆਉਂਦੀ ਹੈ ।

ਸ਼ਟੇਜ ਦੇ ਦੂਜੇ ਕੋਨਿਓਂ ‘ਆਲਫ਼ਾ’ ‘ਬੀਟਾ’ ‘ਗਾਮਾ’ ‘ਥੀਟਾ’ਆਦਿ ਕਈ ਮਿਸ਼ਰਤ ਭਾਂਤ ਦੇ ਹਿੰਦਸੇ ਨੂੰਾ ਮਨੁੱਖ ਆਪਣੀਆਂ ਆਪਣੀਆਂ ਜੈਕਟਾਂ ਤੇ ਝੱਗੀਆਂ ਤੇ ਆਪਣੇ ਆਪਣੇ ਹਰਮਨ ਪਿਆਰੇ ਵਾਦਾਂ ਦੇ ਸਲੋਗਨ ਤੇ ਮੈਨੀਫੈਸਟੋ ਲਿਖੀ ਆਪਣੇ ਨਵੇਕਲੇ ਨਾਅਰੇ ਲਾਉਂਦੇ ਸ਼ੀਸ਼ਿਆਂ ਦੇ ਢੇਰ ਤੇ ਛਾਲਾਂ ਮਾਰਦੇ ਸਟੇਜ ਤੇ ਪ੍ਰਵੇਸ਼ ਕਰਦੇ ਹਨ ।

ਡਬ-ਖੜੱਬੇ ਵਸਤਰਾਂ ਵਾਲੀ ਔਰਤ ਘਬਰਾ ਕੇ ਇਕ ਪਾਸੇ ਖਲੋ ਜਾਂਦੀ ਹੈ ।

ਵਾਤਾਵਰਣ ਸ਼ਾਂਤ ਹੋਣ ਤੇ ਪਹਿਲਾਂ ‘ਆਲਫ਼ਾ’ ਬੋਲਦਾ ਹੈ

ਸ਼ੈਤਾਨ ਰੱਬ ਜਿੱਡਾ ਹੋ ਗਿਆ

ਰੱਬ ਸ਼ੈਤਾਨ ਜਿੱਡਾ ਹੋ ਗਿਆ

ਇਨਸਾਨ, ਭਗਵਾਨ ਜਿੱਡਾ ਹੋ ਗਿਆ

ਕਿ ਹੈਵਾਨ ਜਿੱਡਾ ਹੋ ਗਿਆ ?

ਮੈਂ ਆਪਣੇ ਆਪ ਗੁੰਝਲ ਖਾ ਕੇ

ਗੰਢੜੀ ਬਣਿਆਂ ਬੈਠਾ ਸੋਚਦਾਂ

ਇਨ੍ਹਾਂ ‘ਚੋਂ ਕੌਣ

ਕਿਸ ਜਿੱਡਾ ਹੋ ਗਿਆ ?

ਬੀਟੇ ਦੀ ਆਵਾਜ਼

ਪਿੱਠ ‘ਤੇ ਕੰਧਾ ਉਸਰੀਆਂ ਹੋਈਆਂ ਸਨ

ਸਿਰ ਚ’ ਨੀਹਾਂ

ਪੈਰਾਂ ‘ਚ ਛੱਤਾਂ

ਘੋੜੇ ਦੀ ਪਿੱਠ ‘ਤੇ ਬ੍ਰਹਿਮੰਡ ਲੱਦੀ ਜਾਣ ਵਾਲਾ

ਪਾਗਲ ਸੀ ਕਿ ਪੈਗੰਬਰ ਸੀ ?

ਗਾਮਾ

ਮੈਂ ਸੁੱਤਾ ਹੁੰਦਾ

ਮੇਰਾ ਝੂਠ

ਸਰ੍ਹਾਣੇ ਬੈਠਾ

ਹੋਮਰ ਵਾਂਗ ਮੇਰਾ ਇਤਿਹਾਸ ਲਿਖ ਰਿਹਾ ਹੁੰਦਾ

ਮੈਂ ਜਾਗਦਾ ਹੁੰਦਾ

ਮੇਰਾ ਸੱਚ

ਚੁੱਪ ਚਾਪ ਨੀਵੀਂ ਪਾਈ

ਚੂਹੇ ਵਾਂਗ

ਮੇਰੀਆਂ ਆਤਾਂ ਕੁਤਰ ਰਿਹਾ ਹੁੰਦਾ ।

ਬੀਟਾ

ਬਸਤਰਾਂ ਸਮੇਤ ਆਪਣੇ ਸਾਹਵੇਂ

ਰੀੜ੍ਹ ਦੀ ਹੱਡੀ ਤਕ

ਅਸੀਂ ਅਲਫ਼ ਨੰਗੇ ਹਾਂ

ਸਾਡੀਆਂ ਅੱਖਾਂ ਇਸਤਰੀ ਦੇ ਗਰਭ ‘ਚ

ਉਤਰ ਗਈਆਂ ਹਨ

ਜ਼ਿਹਨਾਂ ਦਾ

ਪੁਲਾੜ ‘ਚ ਜਾ ਕੇ

ਆਤਸ਼ਬਾਜ਼ੀ ਵਾਂਗ

ਵਿਸਫੋਟ ਹੋ ਗਿਆ ਹੈ

ਅਸ਼ਾਂਤ ਦਿਲ

ਭੱਠ ਚੜੇ ‘ਰੋਬਟ’ ਦੀਆਂ ਆਤਾਂ ‘ਚ

ਬੇਚੈਨ ਪਾਰੇ ਵਾਂਗ

ਆਸੇ ਪਾਸੇ ਦੌੜਾ ਫਿਰਦਾ ਹੈ

ਸਾਨੂੰ ਲਗਦਾ ... ...

‘ਸ਼ਾਤੀ’ ‘ਨਿਰਵਾਨ’ ‘ਮਨ ਦੇ ਟਿਕਾ ਦੀ’

ਗੱਲ ਕਰਨ ਵਾਲੇ

ਅਸ਼ੀਂ ਜੋ ਵੀ ਹਾਂ.... ....ਮਰ ਚੁੱਕੇ ਹਾਂ

ਸਿਰਫ਼ ਤੁਹਾਡੇ ਦੁਆਲੇ

ਸਾਡਾ ਮਲਬਾ ਸਾਹ ਲੈ ਰਿਹਾ ਹੈ।

ਅਗਲਾ ਹਿੰਦਸਾ

ਤੁਸੀਂ ਜੋ ਅੱਧੇ ਮਸ਼ੀਨ ਹੋ

ਅੱਧੇ ਮਨੁੱਖ

ਨਾ ਮਸ਼ੀਨ ਹੋ ਨਾ ਮਨੁੱਖ

ਬੀਵੀਆਂ ਨਾਲ ਸੱਤੇ ਹੋਏ ਵੀ

ਅਲਜਬਰੇ ਦੇ ਪ੍ਰਸ਼ਨ ਹਲ ਕਰ ਰਹੇ ਹੁੰਦੇ ਹੋ

ਮੋਟਰਾਂ ਦੇ ਪੁਰਜੇ ਬਦਲ ਰਹੇ

ਕਰਾਸ ਵਰਡ ਹਲ ਕਰਦੇ

ਡਰਬੀ ਦੇ ਟਿਕਟ ਖ਼ਰੀਦ ਰਹੇ ਹੁੰਦੇ ਹੋ

ਜਾਂ ਰਾਸ਼ਣੋਂ ਟੁੱਟੇ

ਖ਼ਾਲੀ, ਬੋਤਲਾਂ, ਡੱਬੇ

ਅਫ਼ਬਾਰਾਂ ਦੀ ਰੱਦੀ ਵੇਚ ਰਹੇ ਹੁੰਦੇ ਹੋ ।

ਸ਼ਾਰੇ ਪਾਤਰ ਆਪਣੀ ਆਪਣੀ ਮਨ-ਪਸੰਦ ਦੇ ਫ਼ਿਲਾਸਫਰਾਂ ਦੀ 'ਜੈ' ਦੇ ਨਾਅਰੇ ਲਗਾਉਂਦੇ ਸਟੇਜ ਤੋਂ ਚਲੇ ਜਾਂਦੇ ਹਨ। ਸਟੇਜ ਤੇ ਬਿਜਲੀ ਦੀ ਤੇਜ਼ ਚਿੱਟੀ ਲਾਈਟ ਦੀ ਥਾਂ ਮੱਧਮ ਜਿਹੀ ਲਾਲ ਬੱਤੀ ਜਗਦੀ ਹੈ ਜਿਵੇਂ 'ਜ਼ੀਰੋ' ਪਾਵਰ ਦੀ ਹੋਵੇ ।

ਸਟੇਜ ਦੇ ਫੱਟਿਆਂ ਹੋਠੋਂ ਦਬੀਆਂ ਆਵਾਜ਼ਾਂ ਫੇਰ ਉਭਰਦੀਆਂ ਹਨ

ਕਲਾਊਨ ... ... ਚਾਣੱਕ ਬਣ ਗਏ

ਤੇ ਚਾਣੱਕ ... ... ਕਲਾਊਨ ਬਣ ਗਏ

ਅੱਜ ਰੱਬ ਦਾ ਨਹੀਂ

ਸ਼ੈਤਾਨ ਦਾ ਜ਼ਮਾਨਾ ਹੈ

ਸ਼ਟੇਜ ਦੇ ਇਕ ਕੋਨੇ 'ਚ ਗੱਤੇ ਦੀ ਕੁਰਸੀ ਤੇ ਬੈਠਾ ਸੂਤਰਧਾਰ ਮਨੋਬਚਨੀ ਦੇ ਰਉਂ 'ਚ ਗੁਣਗੁਣਾਉਂਦਾ ਲਗਦਾ ਹੈ :-

ਹੁਣੇ ਹੁਣੇ

ਮੇਰੇ ਅਮਦਰ ਰੱਬ ਤੇ ਸ਼ੈਤਾਨ ਝਗੜਦੇ ਸਨ

ਝਗੜੇ 'ਚੋਂ ਮੈਂ ਗਾਇਬ ਸਾਂ

ਹੁਣ ਮੈਂ ਆਪਣੇ ਆਪ ਨਾਲ ਝਗੜਦਾ ਹਾਂ

ਮੇਰੇ 'ਚੋਂ ਰੱਬ ਤੇ ਸ਼ੈਤਾਨ

ਦੋਵੇਂ ਗ਼ਾਇਬ ਨੇ !

ਲਾਲ ਬੱਤੀ ਬੁਝ ਜਾਂਦੀ ਹੈ।ਸਟੇਜ ਤੇ ਹਲਕੀ ਜਿਹੀ ਰੌਸ਼ਨੀ ਦੀ ਬੁਛਾੜ- ਮੀਂਹ ਵਾਂਗ ਪੈਂਦੀ ਹੈ। ਸੂਤਰਧਾਰ ਗੱਤੇ ਦੀ ਕੁਰਸੀ ਚੋਂ ਉਠ ਕੇ ਸਟੇਜ ਦੇ ਕੇਂਦਰ 'ਚ ਮਾਈਕ ਸਾਹਵੇਂ ਆ ਕੇ ਦਰਸ਼ਕਾਂ ਨੂੰ ਸੰਬੋਧਨ ਕਰਨ ਲਗ ਪੈਂਦਾ ਹੈ:-

ਰੱਬ ਦੇ ਨਾਇਕਤਵ ਦਾ ਜ਼ਮਾਨਾ ਚਲਾ ਗਿਆ

ਸ਼ੈਤਾਨ ਦੇ ਨਾਇਕਤਵ ਦਾ ਜ਼ਮਾਨਾ ਆ ਗਿਆ

ਕਿਸੇ ਤੇਜ਼ ਗਿੜਦੇ ਲਹੂ 'ਚੋਂ ਸ਼ੈਤਾਨ ਉੱਡਦਾ ਹੈ

ਇੱਲ ਵਾਂਗ

ਬਾਜ਼ਾਰ ‘ਚ ਤੁਰੀ ਜਾਂਦੀ ਭੀੜ ਦੇ

ਸਿਰ ‘ਤੇ ਜਾ ਬਹਿੰਦਾ ਹੈ

ਤਪੇ ਖਪੇ ਨਗਰ ‘ਚੋਂ ਥੱਲ ਉੱਡਦਾ ਹੈ

ਇਕਾਂਤ ‘ਚ ਪਏ ਮੇਰੇ ਬਿਸਤਰ ‘ਤੇ

ਘੋਸਲ ਮਾਰ ਕੇ

ਆ ਪੈਂਦਾ ਹੈ

ਮੈਂ ਘਰੋਂ ਬਾਹਰ

ਗਲੀ ਦੀ ਮੁਖ ਨਾਲ ਸਹਿਮ ਕੇ ਲੱਗਾ

ਤਸਬੀ ਫੇਰਨ ਦੇ ਨਾਲ ਨਾਲ

ਲਿੰਗ ਅਭਿਆਸ ਕਰੀ ਜਾਂਦਾ

ਲਾਟਾਂ ‘ਚ ਲਿਪਟੇ

ਉਸ ਵਿਮਾਣ ਵਲ ਵੀ ਦੇਖ ਰਿਹ ਹੁੰਦਾਂ

ਜਿਸ ‘ਚ ਤੁਸੀਂ ਉੱਡ ਰਹੇ ਹੋ ।

‘ਹੀਗਲ’, ‘ਨਿਤਸ਼ੇ’, ‘ਸਾਰਤਰ’ ਤੇ ਮਾਰਕਸ ਫੇਰ ਸਟੇਜ ਤੇ ਆਉਂਦੇ ਹਨ ।

ਪਹਿਲਾਂ ਹੀਗਲ ਬੋਲਦਾ ਹੈ:–

‘‘ ਵਾਦ ਪ੍ਰਤੀਵਾਦ ਤੇ ਸੰਵਾਦ’’ ਦੇ ਫ਼ਲਸਫ਼ੇ ਦਾ

ਹੋਮੋਜ਼ ਤੇ ਲੈਜ਼ਬੀਅਨਜ਼ ਨਾਲ ਕੀ ਸੰਬੰਧ?

ਮਨੁੱਖੀ ਵੇਸ਼ੀਆਵਾਂ ਨੂੰ

ਆਤਮਾ ਦੀ ਮਹਾਨਤਾ ਬਾਰੇ ਕੀ ਗਿਆਨ?

ਇਥੇ ਹਰ ਪਾਸੇ ਸ਼ੈਤਾਨਾਂ ਦਾ ਬੋਲ ਬਾਲਾ ਹੈ।

ਵਕਫ਼ਾ

ਹੋਮੋ !

ਜ਼ਿੰਦਗੀ ਤੋਂ ਬੋਰ

ਤੇ ਉਕਸਾਏ ਹੋਏ ‘ਹੋਮੋ’

ਯੋਨੀ ਵਪਾਰ ‘ਚ ਸਦਾ ਖਚਿਤ, ਸਦਾ ਕਪਤ

ਦੋਹਰੇ ਤਣਾਅ ਨਾਲ

ਖੰਡ ਖੰਡ ਹੋਈਆਂ ਮਨੁੱਖੀ ਵੇਸ਼ਿਆਵਾਂ

ਪਲੇਅ ਬੈਕ ਤੋਂ ਇਕ ਆਵਾਜ਼

ਮੇਰੇ ਹਲਕੇ ਹੱਥ

ਹਨੇਰੇ ‘ਚ

ਸਰੀਰ ਨਾਲੋਂ ਟੁੱਟ ਕੇ

ਵੇਸਵਾਵਾਂ ਦੇ ਬੂਹੇ ਨਾਲ ਚਿਪਕੇ ਰਹਿ ਗਏ ਨੇ

ਥੱਕੇ ਟੁੱਟੇ

ਚੂਰ ਚੂਰ ਹੋਏ ਚੀਥੜਾ ਪੈਰ

ਭਟਕੇ ਆਵਾਰਾ ਗਿਰਦ ਰਾਹਾਂ ‘ਚ

ਖਿੰਡਰੇ ਪਏ ਨੇ

ਤੁੰਬਿਆ, ਪਿੰਜਿਆ,

ਲਹੂ ਲੁਹਾਨ ਹੋਇਆ ਸਿਰ

ਸੜਦੀ ਬਲਦੀ ਚੱਟਾਨ ਹੇਠ ਦਬਿਆ ਪਿਆ ਹੈ

ਅਤੇ ਆਤਮਾ ਨਾਂ ਦੀ ਚੀਜ਼

ਭੁੱਖੇ ਕੁੱਤਿਆਂ ਦੀ ਨਜ਼ਰ ਹੋ ਚੁੱਕੀ ਹੈ ।

‘ਨਿਤਸ਼ੇ’ ਇਕ ਲੰਮੇ ਢਿਲਕੇ ਪੀਲੇ ਚੋਗ਼ੇ ‘ਚ ਸਟੇਜ ਤੇ ਆਉਂਦਾ ਹੈ ।

ਦਰਸ਼ਕੋ ਆਓ ! ਤਾਲੀਆਂ ਵਜਾਓ!

ਢੋਲ ਕੁੱਟੋ- ਧਮੱਚੜ ਮਚਾਓ !

ਰੱਬ ਦਾ ਮਖੌਟਾ ਮਰ ਚੁੱਕਾ ਹੈ !

ਇਕ ਵਿਕਰਾਲ ਭੂਤ ਦੇ ਭੈਅ ਦਾ ਸਹਿਮ

ਤੁਹਾਡੇ ਸਿਰਾਂ ਤੋਂ

ਸਦਾ ਲਈ ਟਲ ਚੁੱਕਾ ਹੈ ।

ਸਿਰ ਤੇ ਹਲਕੇ ਜਿਹੇ ਅੰਦਾਜ਼ 'ਚ ਹੱਥ ਫੇਰਦਾ ਹੈ ਜਿਵੇਂ ਭਾਰ ਹੌਲਾ ਹੋਣ ਦਾ ਪ੍ਰਭਾਵ ਦੇ ਰਿਹਾ ਹੋਵੇ ।

ਪਰ ਹੋਮੋਜ਼ ਦਾ

ਮੇਰੇ ਸੁਪਰਮੈਨ ਨਾਲ ਕੀ ਸੰਬੰਧ ?

ਪਰ ਯੋਨੀ-ਵਣਜ ਕਰਦੀਆਂ ਵੇਸ਼ਿਆਵਾਂ ਦਾ

ਮੇਰੇ 'ਸੱਤਾ ਵਾਦੀ' ਸਿਧਾਂਤ ਨਾਲ ਕੀ ਵਾਸਤਾ ?

ਹਿਟਲਰ ਤੇ ਹੀਰੋ ਹਿੱਟੋ ਜੰਮਦੇ ਨੇ

ਤਾਂ ਜੰਮਦੇ ਰਹਿਣ

ਝੂਲਦੇ ਦੌੜਦੇ ਅੰਨ੍ਹੇ ਹਾਥੀਆਂ ਦੇ ਪੈਰਾਂ ਹੇਠ

ਕੀੜਿਆ ਦੇ ਭੌਣ ਮਰਦੇ

ਤਾਂ ਮਰਦੇ ਰਹਿਣ

ਵਿਰੋਧੀ ਤਣਾਵਾਂ ਭਰਿਆ ਜੀਵਨ

ਮਰ ਜੀਊੜੇ ਮਨੁੱਖਾਂ ਲਈ ਨਹੀਂ

'ਸੁਪਰਮੈਨਾਂ' ਲਈ ਬਣਿਆ ਹੈ।

ਪਲੇਅ ਬੈਕ ਤੋਂ ਇਕੱਠੀਆਂ ਆਵਾਜ਼ਾਂ

ਅੰਧ ਸੱਤਾ ਹੈ

ਕਿ ਪੱਥਰਾਂ ਰੋੜਿਆਂ ਦੀ ਥਾਂ

ਮਨੁੱਖੀ ਸੱਥਰਾਂ 'ਤੇ ਚਲਦੇ ਬੁਲਡੋਜ਼ਰ

ਇਨਸਾਫ਼ ਹੈ

ਜਾਂ ਆਪ ਹੁਦਰੇ ਸ਼ਾਸਕਾ ਵਲੋਂ ਹੋ ਰਹੀ

ਬੇਰੁੱਤੇ ਬੇਮੌਸਮੇਂ ਬਸਤਰਾਂ ਦੀ

ਫ਼ੈਸ਼ਨੀ ਪ੍ਰੇਡ

ਹੋਂਦ ਹੈ

ਜਾਂ ਬੱਤਖ ਦੇ ਖ਼ੋਲ ‘ਚ ਭਰਿਆ

ਲੱਕੜ ਦਾ ਬੁਰਾਦਾ

ਜ਼ਿਹਨ ਹੈ

ਜਾਂ ਪੱਥਰਾਂ ਦੇ ਪੁੜਾਂ ‘ਚ

ਨਿਰੰਤਰ ਪਿਸ ਰਿਹਾ ਕਣਕ ਦਾ ਦਾਣਾ

ਵੀਹਵੀਂ ਸਦੀ ਦੇ ਨਾਗ਼ਿਰਕ ਹਾਂ

ਸਾਡੇ ਅੰਗਾਂ ਦੁਆਲੇ ਲਿਪਟੀ

ਮਾਸ ‘ਚ ਖੁੱਭੀ ਪੀਚੀ ਕੰਡਿਆਲੀ ਤਾਰ–

ਸਾਡੀ ਮਨ–ਪਸੰਦ ਚੋਣ ਨਹੀਂ

ਸਾਨੂੰ, ਸਾਡੀ ‘ਸੁਤੰਤ੍ਰਤਾ’ ਦਿਓ।

ਸਾਦਾਰਨ ਚਿੱਟੇ ਸੂਟ ‘ਚ ਮੋਟੀਆ ਮੋਟੀਆਂ ਐਨਕਾਂ ਲਗਾਈ, ਪ੍ਰੋਫ਼ੈਸਰ ਕਿਸਮ ਦਾ ਮਨੁੱਖ–‘ਸਾਰਤਰ’ ਸਟੇਜ ਤੇ ਆਉਂਦਾ ਹੈ।

ਸੁਪਰਮੈਨਾਂ ਦੀ ਗੱਲ ਛੱਡੋ

‘ਹੁਣ ਦੇ ਛਿਣ’ ਦੀ ਗੱਲ ਕਰੋ

ਸੁਪਰਮੈਨਾਂ ਦੇ ਸੰਕਲਪ ਨਾਲੋਂ

ਹੁਣ ਦੇ ਛਿਣ ਦਾ ਸੰਕਲਪ

ਮਹਾਨ ਹੈ !

ਹੁਣ ਦਾ ਛਿਣ

ਜੋ ਹਥੇਲੀ ‘ਚ

ਮੈਲ ਦੀ ਵੱਟੀ ਵਾਂਗ ਮਲਿਆ

ਭਾਰੇ ਭਾਰੇ ਫ਼ੌਜੀ ਬੂਟਾਂ ਹੇਠ

ਬੇਦਰਦੀ ਨਾਲ ਮਿੱਧਿਆ ਜਾ ਰਿਹਾ

ਇਹ ਜੋਗ ਗਾਰੇ ਵਾਂਗ ਗੁੰਨਿਆਂ

ਹਾਂਡੀ ਵਾਂਗ

ਅੱਗ ਤੇ ਰਿੰਨ੍ਹਿਆ ਜਾ ਰਿਹਾ

ਹੁਣ ਦਾ ਛਿਣ–'ਹਾਂ' ਤੇ 'ਨਾਂਹ'

ਹੋਂਦ– ਅਣਹੋਂਦ

ਜ਼ਿੰਦਗੀ ਮੌਤ, ਕਾਲ– ਅਕਾਲ ਦਾ

ਸ਼ਭ ਤੋਂ ਅਹਿਮ ਮਸਲਾ ਹੈ ।

ਪੱਤਝੜੀ ਰੁੱਖਾਂ ਤੋਂ

ਗ਼ਰਦ ਪੱਤਿਆਂ ਵਾਂਗ ਨਿਰੰਤਰ ਝੜੀ ਜਾ ਰਹੇ

ਹੁਣ ਦੇ ਛਿਣਾਂ ਨੂੰ ਸਾਂਭੋ !

ਬੈਕ ਗਰਾਊਂਡ ਕੋਰਸ

ਹੁਣ ਦਾ ਛਿਣ ਤੇ ਅਗਲਾ ਛਿਣ ਵੀ

ਸਾਲ, ਦਹਾਕੇ, ਸਦੀਆਂ ਵੀ ਨੇ

ਹੁਣ ਦੇ ਛਿਣ ਦੇ ਪੇਟੇ ਪੈ ਕੇ

ਭੂਤ ਕਾਲ ਤੋਂ ਕੀਕਣ ਬਚੀਏ

ਭਵਿਖ ਤੋਂ ਕੀਕਣ ਨਜ਼ਰ ਚੁਰਾਈਏ

ਭੂਤ ਭਵਿੱਖ ਭਵਾਨ ਦਾ ਚੱਕਰ

ਸ਼੍ਰਿਸ਼ਟੀ ਦੀ ਹਰ ਸ਼ੈ 'ਤੇ ਹਾਵੀ

ਇਸ ਤੋਂ ਬਚਕੇ ਕਿੱਥੇ ਜਾਈਏ ?

ਇਕ ਅਧੋਰਾਣੇ ਜਿਹੇ ਕਾਲੇ ਸੂਟ ਵਿਚ, ਭਰਵੇਂ ਕੱਦ ਬੁੱਤ ਵਾਲਾ 'ਮਾਰਕਸ' ਸਟੇਜ ਤੇ ਆਉਂਦਾ ਹੈ। ਦਾੜ੍ਹੀ ਭਰਵੀਂ ਤੇ ਸਿਰ ਦੇ ਵਾਲ ਵੀ ਖੁਲ੍ਹੇ, ਪਰ ਸਲੀਕੇ ਨਾਲ ਪਿਛੇ ਵਲ ਵਾਹੇ ਹੋਏ ਨੇ ।ਉਸਦੇ ਦੋਵੇਂ ਬਾਜੂ ਉਪਰ ਵਲ ਉਠੇ ਹੋਏ ਹਨ।ਇਕ ਹੱਥ ਵਿਚ ਹਥੌੜਾ ਹੈ ਅਤੇ ਦੂਸਰੇ ਵਿਚ ਦਾਤਰੀ ਹੈ ।

ਇਹ ਮਸਲਾ–

ਨਿਰਾ ਮਾਦੇ ਦਾ ਮਸਲਾ ਹੈ

ਇਹ ਸਾਰਾ ਅਰਥ ਦਾ ਚੱਕਰ

ਤਲਖ਼। ਤੱਤਾਂ ਦੀ ਟੱਕਰ ‘ਚੋਂ

ਕੋਈ ਸੰਵਾਦ ਲਭ ਸਕਣਾ

ਹਥੌੜੇ ਦਾਤੀਆਂ ਦੇ ਨਾਲ

ਕੁਲ ਸੰਸਾਰ ਜਿੱਤ ਸਕਣਾ

ਸ਼੍ਰੇਣੀ ਜਾਤੀਆ ਦੇ ਭੇਦ ਭਉ ਨੂੰ

ਜੜ੍ਹ ਤੋਂ ਪੁੱਟ ਸਕਣਾ

ਤੇ ਇਕੋ ਰੰਗ ਦਾ ਝੰਡਾ

ਝੁਲਾਣਾ ਵਿਸ਼ਵ ਸਾਰੇ ‘ਤੇ ।

ਬੈਕ ਗਰਾਊਂਡ ਤੋਂ ਉਭਰਦੀਆਂ ਪ੍ਰਤੀਧੁਨੀਆਂ

ਉਹ ਬਜ਼ੁਰਗ

ਜੋ ਪੋਟਲੀ ‘ਚ ਅੱਗ ਬੰਨ੍ਹਕੇ

ਜੰਮੇ ਹੋਏ ਦਰਿਆ ਨੂੰ

ਅੱਗ ਲਾਉਣ ਟੁਰਿਆ ਸੀ

ਸ਼ਹਿਰ ਦੇ ਭਰ ਰੋਲੇ ਵਿਚ

ਆਪਣੇ ਹੀ ਅੰਤ੍ਰਿਕ ਵਿਸਫੋਟ ਨਾਲ

ਵਿਖੰਡਤ ਹੋ ਕੇ ਜਦੋਂ ਚੌਂਕ ‘ਚ ਡਿੱਗਿਆ

ਉਸਦੇ ਜ਼ਿਹਨ ‘ਚੋਂ

ਜਵਾਨੀ ਵੇਲੇ ਦੀਆਂ ਚੁਰਾਈਆਂ

ਔਰਤਾਂ ਦੀਆ ਚੱਡੀਆਂ, ਸੁੱਥਣਾਂ ਤੇ ਅੰਗੀਆਂ

ਨਿਕਲ ਕੇ ਫ਼ੁਟ ਪਾਥ ‘ਤੇ ਖਿਲਰ ਗਈਆਂ

ਹਾਦਸੇ ਦੀ ਥਾਂ ਜੁੜਨ ਵਾਲੀ ਭੀੜ ਨੇ ਵੇਖਿਆ

ਹਾਦਸੇ ਤੋਂ ਬਾਅਦ ਅੱਗ ਦੀ ਪੋਟਲੀ

ਉਸ ਦੇ ਖਿਲਰੇ ਮਲਬੇ ਹੇਠ ਦੱਬੀ ਪਈ ਸੀ

ਮੂਰਛਤਾ ਅਵਸਥਾ ‘ਚ ਉਸਦੇ ਹੱਥ ਪੈਰ

ਇਤਿਹਾਸ ਦਾ ਗਰਭ ਖੁਰਚ ਰਹੇ ਸਨ

ਉਸਦੀ ਲਾਸ਼ ‘ਤੇ

ਵਿਰੋਧੀ ਧਿਰਾਂ ਵਿਚਾਲੇ ਝਗੜਾ ਚਲ ਰਿਹਾ ਸੀ।

(ਪਰਦਾ ਡਿੱਗਦਾ ਹੇ)

ਅੰਕ ਦੁਜਾ

ਪਰਦਾ ਉਠਣ ਤੇ ਸਟੇਜ ਤੇ ਫੇਰ ਸਫੈਦ ਰੌਸ਼ਨੀ ਦੀ ਬੁਛਾੜ ਪੈਂਦੀ ਹੈ। ਇਕ ਪਾਸਿਓਂ ਮੋਢੇ ਤੇ ਡੱਬੀਆਂ ਵਾਲਾ ਪਲਾਸਟਕ ਦਾ ਇਕ ਵੱਡਾ ਸਾਰਾ ਥੈਲਾ ਲਟਕਾਈ, ਖੱਬੀ ਹਥੇਲੀ ਤੇ ਟੀਨ ਦਾ ਡੱਬਾ ਲਈ ਤੇ ਸੱਜੇ ਹੱਥ ਨਾਲ ਚੁਟਕੀਆਂ ਵਜਾਉਂਦਾ ‘ਹਿਪਨੋਟਿਸਟ’ ਸਟੇਜ ਤੇ ਆਉਂਦਾ ਹੈ। ਦਰਸ਼ਕਾਂ ਸਾਹਵੇਂ ਡੱਬਾ ਕਰਕੇ ਚੁਟਕੀਆ ਵਜਾਉਂਦਾ ਹੋਇਆ :–

ਮਿਹਰਬਾਨ!

ਅਜ ਮੈਂ ਤੁਹਾਡੇ ਸਾਹਮਣੇ

ਡੱਬੇ ਵਿਚਲੇ ਪਾਣੀ ਤੋਂ ਸ਼ੀਸ਼ਾ ਬਣਾਵਾਂਗਾ

ਅੱਖਾਂ ‘ਤੇ ਪੱਟੀ ਬੰਨ, ਸਾਈਕਲ ‘ਤੇ ਚੜ੍ਹਾਅ

ਤੁਹਾਨੂੰ ਸ਼ਹਿਰ ਦਾ ਚੱਕਰ ਲਗਾਵਾਵਾਂਗਾ

ਤੁਹਾਡੇ ਮੱਥੇ ‘ਚੋਂ ਸਿੰਗ

ਤੁਹਡੇ ਗੋਡਿਆਂ ‘ਚੋਂ ਅੱਖਾਂ ਉਗਾਵਾਂਗਾ

ਤੁਹਾਡੇ ‘ਚ ਲੁਕਿਆ, ਤੁਹਾਨੂੰ

ਸ਼ੈਤਾਨ, ਉੱਲੂ, ਚਮਗਿੱਦਛ ਤੇ ਖੜੱਪਾ-ਸੱਪ ਦਿਖਾਵਾਂਗਾ।

ਸ਼ਟੇਜ ਦੇ ਦੂਜੇ ਪਾਸਿਓਂ ਕੁਝ ਨੌਜਵਾਨ ਰੌਲਾ ਪਾਉਂਦੇ ਮਜਮੇ ਦੀ ਸ਼ਕਲ ‘ਚ ਸਟੇਜ ਤੇ ਪਰਵੇਸ਼ ਕਰਦੇ ਹਨ।ਹਿਪਨੋਟਿਸਟ ਨੂੰ ਮਜਮਾਗਰ, ਨੌਸਰਬਾਜ਼ ਤੇ ਪਰਾਚੀਨ ਮਦਾਰੀ ਕਹਿ ਕੇ ਸਟੇਜ ਤੋਂ ਭਜਾ ਦਿੰਦੇ ਹਨ। ਉਤਸੁਕਤਾ ਭਰੇ ਦਰਸ਼ਕ ਦੇਖਦੇ ਰਹਿ ਜਾਂਦੇ ਨੇ।

(ਪਰਦਾ)

ਅੰਕ ਤੀਜਾ

ਉਹ ਤੁਰਦਾ ਹੈ- ਰੁਕ ਜਾਂਦਾ ਹੈ

ਰੁਕਦਾ ਹੈ-ਤੁਰ ਪੈਂਦਾ ਹੈ

ਇਕ ਪੁਰਾਤਨ ਹਿੰਦੂ ਮੰਦਰ ਦੀ ਛਾਇਆ ਉਹਲੇ ਹਿੱਪੀਆਂ ਦਾ ਝੁੰਡ ਜੁੜਿਆ ਹੋਇਆ ਹੈ। ਕੁਝ ਨੇ ਟਿੰਡਾਂ ਕੱਢੀਆਂ ਬੋਦੀਆਂ ਰੱਖੀਆਂ ਹੋਈਆਂ ਨੇ। ਕੁਝ ਕੁ ਨੇ ਲੰਮੀਆਂ ਲੰਮੀਆਂ ਲਟੂਰੀਆਂ ਵਧਾਈਆਂ ਹੋਈਆਂ ਧੂਫ ਧੁਖਾਏ ਹੋਏ ਤੇ ਨਸ਼ੀਲੀਆਂ ਚਿਲਮਾਂ ਸੁਲਗਾਈਆਂ ਹੋਈਆਂ ਹਨ। ਕੁਝ ਨਸ਼ੇ ਖਾਂ ਕੇ ਮਸਤ ਪਏ ਸਟੀਰੀਓ ਰੈਕਰਡ-ਪਲੇਅਰ ਤੇ ਰਵੀ ਸ਼ੰਕਰ ਦੀਆਂ ਸਿਤਾਰ ਤੇ ਤਬਲੇ ਦੀਆਂ ਧੁਨਾਂ ਸੁਣ ਰਹੇ ਹਨ। ਘੋਨ ਮੋਨ ਕਿਸਮ ਦੇ ਲੰਮੀਆਂ ਬੋਦੀਆਂ ਵਾਲੇ ਖੜੇਤੇ ਹਿੱਪੀ ਢੋਲਕੀਆਂ, ਖੜਤਾਲਾਂ, ਕੈਂਸੀਆਂ. ਹਾਰਮੋਨੀਅਮ ਵਜਾ ਰਹੇ ਤੇ ਹਿੱਪੀ ਮੰਤਰ ਗਾ ਰਹੇ ਹਨ :-

ਹਰੇ ਰਾਮਾ

ਹਰੇ ਕ੍ਰਿਸ਼ਨਾ

ਕ੍ਰਿਸ਼ਨਾ ਕ੍ਰਿਸ਼ਨਾ

ਹਰੇ ਰਾਮਾ

{ਹਿੱਪੀਆ ਦੇ ਝੁੰਡ 'ਚੋਂ ਪਰਛਾਵੇਂ ਵਾਂਗ ਇਕ ਪਾਸੇ ਤਿਲ੍ਹਕਦਾ ਮਨ-ਬਚਨੀ ਦੇ ਅੰਦਾਜ਼ 'ਚ}

ਮਨੁੱਖ ਨੇ ਐਟਮ ਸਿਧਾਅ ਲਿਆ

ਅੜ੍ਹਬ ਅੱਥਰੇ ਘੋੜਿਆਂ 'ਤੇ ਕਾਠੀ ਪਾ ਲਈ

ਇਹ ਆਪਣੇ ਮੋਢੇ 'ਤੇ ਉੱਗੇ ਖੰਭਾਂ ਨਾਲ

ਉਪਗ੍ਰਹਿਆਂ ਤਕ ਉਡਾਰੀ ਲਾ ਸਕਦਾ ਹੈ

ਬੌਧਕ ਚਮਤਕਾਰ ਨਾਲ

ਡੂੰਘੇ ਸਮੁੰਦਰਾਂ ਦੀ ਤਹਿ ਤੇ ਤਰ ਸਕਦਾ ਹੈ

ਤਲ 'ਤੇ ਤਾਰੀ ਲਾ ਸਕਦਾ ਹੈ

ਪਰ ਸਭ ਕੁਝ ਹੁੰਦਿਆਂ ਹੋਇਆਂ ਵੀ

ਇਸ ਕੋਲ ਕੁਝ ਨਹੀਂ

ਖਾਣ ਲਈ ਛੱਤੀ ਪਦਾਰਥ ਹਨ

ਪਰ ਪਦਾਰਥਾਂ ‘ਚ ਸਵਾਦ ਨਹੀਂ

ਸਿਨੇਮੇ ਹਨ, ਥੀਏਟਰ ਹਨ

ਹੋਟਲ, ਸ਼ਰਾਬ ਖ਼ਾਨੇ ਤੇ ਸਟਰਿਪਟੀ ਕਲੱਬਾਂ ਨੇ

ਪਰ ਬਟਕੀ ਹੋਈ ਆਤਮਾ ਲਈ

ਕਿਤੇ ਟਿਕਾਅ ਨਹੀਂ

ਇਹ ਮਨੁੱਖ

ਐਵੈਂ ਦੇਖਣ ਨੂੰ ਪਹਾੜ ਲਗਦੇ ਨੇ

ਇਨ੍ਹਾਂ ਵਿਚਲਾ ਰੱਬ ਤਾਂ ਮਰਿਆ ਹੋਇਆ ।

{ਤੁਰਦਾ ਤੁਰਦਾ ਉਹ ਇਕ ਮੈਟਰੋ ਪੋਲਿਸ ਦੇ ਕੇਂਦਰ-ਬਿੰਦੂ ਤੇ ਪੁੱਜ ਜਾਂਦਾ ਹੈ। ਮੈਟਰੋ ਪੋਲਿਸ-ਦਿੱਲੀ, ਲੰਡਨ, ਪੈਰਿਸ, ਨੀਊਯਾਰਕ, ਨੈਰੋਬੀ ਜਾਂ ਟੋਕੀਓ, ਕੋਈ ਵੀ ਹੋ ਸਕਦਾ ਹੈ। ਚੁਫੇਰੇ ਵਿਹੁਲਾ ਵਾਤਾਵਰਣ ਦੇਖ ਕੇ ਉਸਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ}

ਸਮੇਂ ਧਰਾ ਨਾਲੋਂ

ਥਿੜਕੇ, ਟੁੱਟੇ, ਹਾਰੇ ਲੋਕ

ਪਤਾ ਨਹੀਂ ਘਰੋਂ

ਕਿਹੜਾ ਕੋਟ ਸਰ ਕਰਨ ਲਈ ਨਿਕਲੇ ਸਨ!

ਬਾਜ਼ਾਰਾਂ ‘ਚ ਵੜਦੇ ਸ਼ਰੀਫ਼ ਜ਼ਾਦਿਆਂ ਦੇ ਸਿਰਾਂ ‘ਤੇ

ਚੀਤਿਆਂ, ਬਘਿਆੜਾਂ, ਗਿੱਦੜਾਂ ਦੇ ਸਿਰ ਲਗ ਜਾਂਦੇ ਨੇ

ਤੇ ਪਿਛੇ

ਨਕੜ ਦਾਦਿਆਂ ਵਾਲੀ- ਝੂਲਦੀ ਹੋਈ ਪੂਛ।

ਮਹਾਂ ਨਗਰ ਦੇ ਮਧ ਬਿੰਦੂ ‘ਤੇ ਖਲੋ ਕੇ ਦੇਖੋ

ਸਿਰ ‘ਤੇ ਆਪਣਾ ਆਪਣਾ ਜੇਲ੍ਹ-ਖ਼ਾਨਾ ਚੁੱਕੀ

ਲੋਕ ਕਿਸ ਤੇਜ਼ ਵਹਾ ਵਿਚ

ਲੋਥਾਂ ਵਾਂਗ ਹੜ੍ਹੇ ਜਾਂਦੇ ਹਨ

ਨਗਰ ਦੇ ਭਿੰਨ ਭਿੰਨ ਹਿੱਸਿਆਂ ‘ਚੋਂ

ਵਕਫ਼ਿਆਂ ਬਾਅਦ

ਧੂੰਏਂ ਦਾ ਸੰਘਣਾ ਗ਼ੁਬਾਰ ਉੱਠਦਾ ਹੈ

ਸਾਰਾ ਇਸ ‘ਚ ਭੁਕਾਨੇ ਵਾਂਗ ਤਣਦਾ

ਤਣ ਕੇ ਫੱਟਦਾ

ਫ਼ੀਤਾ ਫ਼ੀਤਾ ਹੋ ਕੇ

ਚੁਫੇਰੇ ਬਿਖਰ ਜਾਂਦਾ ਹੈ

ਚੰਦਰਯਾਨਾਂ, ਏਅਰ ਬੱਸਾਂ ਤੇ ਜੁੰਬੋਜੈੱਟਾਂ ਦੀ

ਹਵਾਈ ਦੌੜ ‘ਚ

ਪਤਾ ਨਹੀਂ ਕਿਥੇ ਗੁੰਮ ਹੋ ਗਏ ਨੇ ?

ਸ਼ਹਿਰ ਦੀ ਨੁੱਕਰ ‘ਤੇ ਹਸਪਤਾਲ

ਮਿਰਗੀ ਹਿਸਟਰੀਏ ਦੇ ਪਾਗਲ ਮਰੀਜ਼ਾਂ ਨਾਲ

ਭਰੇ ਪਏ ਨੇ

ਇਹ ਕਿਹਾ ਆਤਮਾ ਵਿਰੋਧ ਹੈ

ਅਸ਼ੀਂ ਕਾਰਖ਼ਾਨਿਆਂ ਵਿਚਲੀ

ਮਸ਼ੀਨੀ ਖੜ ਖੜ ਦੀ ਪੂਜਾ ਵੀ ਕਰਦੇ ਹਾਂ

ਇਸ ਤੋਂ ਡਰਦੇ ਵੀ ਹਾਂ!

ਸਵਾਸਥ ਨਾਗਰਿਕ

ਆਪਣੀ ਚੈਨ ਤੇ ਨੀਂਦ ਟ੍ਰੈਂਕੁਲਾਈਜ਼ਰਾਂ ‘ਚ

ਅਤੇ ਸਾਹ

ਦਵਾਈ ਦੀਆ ਬੋਤਲਾਂ ‘ਚ ਲਈ ਫਿਰਦੇ ਨੇ

ਜਿੰਨਾਂ, ਦੇਆਂ, ਭੂਤਾਂ ਵਰਗੇ ਸਕ੍ਰੇਪਰਾਂ ਦੀ

ਵਿਕਰਾਲ ਛਾਇਆ ਹੇਠ

ਮਨੁੱਖ ਔਰਤਾਂ

ਭੌਂ ‘ਤੇ ਘਿਸਰਦੇ ਕੀੜੇ ਬਣ ਕੇ ਰਹਿ ਗਏ ਨੇ !

ਹਵਾ, ਮਿੱਟੀ, ਪਾਣੀ, ਆਕਾਸ਼

ਧੂੜ, ਧੂੰਏ, ਆਰਸੈਨਿਕ ਨਾਲ ਅੱਟੇ ਪਏ ਨੇ

ਭੁਰਦੇ ਖੁਰਦੇ

ਚੀਣਾ ਚੀਣਾ ਹੋ ਕੇ ਬਿਖਰਦੇ ਫੇਫੜਿਆਂ ਲਈ

ਤਾਜ਼ਾ ਝੌਂਕਿਆਂ ਦੀ ਕਿੰਨੀ ਲੋੜ ਹੈ ?

ਬੋਰ ਹੋ ਕੇ ਮੈਟਨੀ ਸ਼ੋ ਦਾ ਟਿਕਟ ਖ਼ਰੀਦਦਾ ਤੇ ਨਗਰ ਦੇ ਇਕ ਵਡੇ ਥੀਏਟਰ ‘ਚ ਜਾ ਵੜਦਾ ਹੈ। ਪ੍ਰਿਥਮ ਝਾਕੀ ‘ਚ ਇਕ ਵੱਡੇ ਗੋਲਮੇਜ਼ ਦੁਆਲੇ (ਜਿਸ ਦਾ ਫ਼ਰੇਮ ਸਟੀਲ ਦਾ ਹੈ, ਪਰ ਟਾਪ ਸਾਰੀ ਸ਼ੀਸ਼ੇ ਦੀ ਹੈ) ਤਥਾਂ ਕਥਿੱਤ ‘ਬੌਧਿਕ ਬੌਨਿਆਂ’ ਦੀ ਜੁੜੀ ਹੋਈ ਮਹਿਫਲ ਵੋਦਕਾ, ਬਰਾਂਡੀਆਂ ਤੇ ਅੰਗ੍ਰੇਜ਼ੀ ਵਿਸਕੀਆਂ ਪੀ ਰਹੀ ਹੈ ।ਬੌਧਿਕ ਬੌਨਿਆਂ ‘ਚ ਦਾਰੂ ਦੇ ਨਾਲ ਨਾਲ ਉਖੜੀ ਉਖੜੀ ਪ੍ਰਸੰਗਹੀਣ ਬਹਿਸ ਵੀ ਚਲ ਰਹੀ ਹੈ। ਕਿਸੇ ਕਿਸੇ ਬੌਨੇ ਬੌਨੇ ਨਾਲ ਲੰਬੂਤਰੀ ਜਿਹੀ ਕੁੜੀ ਵੀ ਹੈ।

ਇਕ ਬੌਨੇ ਦੇ ਬੋਲ

ਕਾਲਾ ਕੁੱਕੜ- ਬਣੀਏ ਦਾ ਦਿਮਾਗ਼

ਹਬਸ਼ਣ ਕੁੜੀਆਂ- ਟਰਕਸ਼ ਬਾਥ

ਹਾ ! ਹਾਂ ! ਹਾ! ਹਾ!

ਹੁਸਨ ਕੀ ਆਗ ਮੇਂ ਜਲ ਕੇ

ਨਿਕਲੇ ਹੈਂ ਮਿਰੇ ਹਾਥ ।

ਦੂਸਰਾ ਬੌਨਾ

ਹਬਸ਼ਣ ਕੁੜੀਆ ਦੀ ਗੱਲ ਛੱਡੋ

ਪਾਤੰਜਲੀ ਦੇ ਯੋਗ

ਕਨਾਦ ਦੇ ਵਿਸ਼ੇਸ਼ਕ ਸ਼ਾਸਤਰ ਦੀ ਗੱਲ ਕਰੋ

ਤੀਜਾ ਬੌਨਾ

ਖ਼ਿਜ਼ਾਬੀ ਜਵਾਨੀ ਜ਼ਿੰਦਾਬਾਦ !

ਜਦੋਂ ਤਕ ਜਰਮਨ ਤੇ ਫ਼ਰੈਂਚ ਖ਼ਿਜ਼ਾਬ ਕਾਇਮ

ਮੈਂ ਸਦ-ਜਵਾਨ

ਤੇ ਹਰ ਕੁੜੀ ਮੇਰੀ ਕੁੰਡੀ ਦੀ ਦੰਦੀ ‘ਚ !

ਉਹ ਔਰਤ

ਜੋ ਧੁੰਨੀ ਹੇਠ ਕਸਤੂਰੀ ਲੁਕਾਈ ਫਿਰਦੀ ਹੈ

ਜਦੋਂ ਮੇਰੇ ਨਿਘੇ ਬਿਸਤਰੇ ‘ਤੇ ਗੁਲਾਬ ਵਾਂਗ ਖਿੜ ਜਾਂਦੀ ਹੈ

ਮੈਨੂੰ, ਮੇਰੀ ਆਦਤ ਵੇਲੇ ਦੀ ਗੁਆਚੀ ਹੋਈ

ਪਸਲੀ ਮਿਲ ਜਾਂਦੀ ਹੈ।

ਚੌਥਾ ਬੌਨਾ

ਕ੍ਰਾਂਤੀ ਦੀ ਲੜਾਈ

ਜੇਲ ਜਾ ਕੇ, ਗੋਲੀ ਖਾਂ ਕੇ ਹੀ ਨਹੀਂ

ਵਿਸਕੀ ਦਾ ਪੈੱਗ ਲਾ ਕੇ

ਹਫੀਮ ਦਾ ਗੋਲਾ ਖਾ ਕੇ ਵੀ ਲੜੀ ਜਾ ਸਕਦੀ ਹੈ

ਪੰਜਵਾ ਬੌਨਾ

ਮੈਂ ਅਜਿਹੇ ਕਮਿਊਨ ਸਿਰਜਣੇ ਚਾਹੁੰਦਾਂ

ਜਿਸ ਥਾਂ ਲੋਕ ਹਰ ਰਾਤੇ

ਆਪੋ ‘ਵ ਬੀਵੀਆ ਵਟਾ ਸਕਿਆ ਕਰਨ ।

ਮੈਂ ਹਰ ਮੀਨਾਰ ‘ਤੇ ਕਮੰਦ ਹੈ ਸੁੱਟੀ

ਮੈਂ ਹਰ ਤ੍ਰੀਮਤ ਦ ਡੁਸ ਹੈ ਭੰਨੀ

ਮੈਂ ਜ਼ਿੰਦਗੀ ‘ਚ ਕੋਈ ਹੋਰ ਹਾਰ ਤਾ ਭਾਵੇਂ ਮੰਨੀ ਹੋਵੇ

ਪਰ ਬਿਸਤਰੇ ਦੀ ਹਾਰ

ਕਦੇ ਨਹੀਂ ਮੰਨੀ ।

ਛੇਵਾਂ ਬੌਨਾ

ਜਾਤੀ ਬੰਧਨਾਂ ਦੇ ਕੋਹੜ ਗ੍ਰੱਸਿਆਂ ਮਨੁੱਖ ਵੀ

ਅੰਤਰ ਰਾਸ਼ਟਰਵਾਦੀ ਬਣ ਸਕਦਾ ।

ਹਾ!ਹਾ! ਹਾ !

ਸਟੇਜ ਹੇਠੋਂ ਦੱਬੀਆਂ ਹੋਈਆਂ ਆਵਾਜ਼ਾਂ ਫੇਰ ਉਭਰਦੀਆਂ ਹਨ

ਬੌਨੇ-ਹੀਰੋ-ਬਣ ਗਏ

ਤੇ ਚਾਣਕ -ਕਲਾਊਨ !

ਆਵਾਜ਼ਾਂ ਚੁੱਪ ਹੋਣ ਤੇ ਹੌਲੀ ਹੌਲੀ ਪਰਦਾ ਉੱਠਦਾ ਹੈ।

ਅਚਾਨਕ ਹਜ਼ਾਰ ਵਾਟ ਦੀ ਤੇਜ਼ ਲਾਈਟ ਨਾਲ ਸਟੇਜ ਫੇਰ ਜਗਮਗਾ ਉੱਠਦਾ ਹੈ। ਸਟੇਜ ਦੇ ਕੇਂਦਰ ਤੇ ਇਕ 'ਚਾਂਦੀ' ਦੀ 'ਕੁਰਸੀ' ਪਈ ਹੈ ਜਿਸ ਦੁਆਲੇ ਨੰਗੇ ਸਿਰਾਂ, ਟੋਪੀਆਂ , ਪੱਗਾਂ, ਹੈਟਾਂ ਤੇ ਫ਼ਲੈਟਾਂ ਵਾਲੇ ਕਈ ਅੱਧਖੜ ਤੇ ਜ਼ਰਾ ਪੱਕੀ ਉਮਰ ਵਾਲੇ ਮਨੁੱਖ ਦੀ ਭੀੜ ਲੱਗੀ ਦਿਸਦੀ ਹੈ। ਏਸ ਭੀੜ 'ਚ ਕੁਝ ਔਰਤਾਂ ਵੀ ਹਨ। ਇਕ ਜਣਾ ਕੁਰਸੀ ਤੇ ਬੈਠਦਾ ਹੈ ਦੂਜਾ ਉਸ ਨੂੰ ਧੱਕਾ ਦੇ ਕੇ ਥੱਲੇ ਸੁੱਟ ਦਿੰਦਾ ਹੈ। ਦੂਜਾ ਕੁਰਸੀ ਤੇ ਪਥੱਲਾ ਮਾਰ ਕੇ ਬੈਠਦਾ ਹੈ, ਤੀਜਾ ਉਸ ਨੂੰ ਥੱਲੇ ਡੇਗਣ ਦ ਯਤਨ ਕਰਦਾ ਹੈ। ਚੌਥਾ ਉਸ ਨੂੰ ਆਪਣੇ ਵਲ ਧੂੰਹਦਾ ਹੈ। ਪੰਜਵਾਂ ਉਸ ਕੋਲੋਂ ਖੋਹ ਕੇ ਉਸ ਤੇ ਆਪ ਬੈਠ ਜਾਂਦਾ ਹੈ ।"ਕੁਰਸੀ" ਪ੍ਰਾਪਤੀ ਲਈ ਖਿੱਚਾ ਧੂਹੀ 'ਚ ਕਈਆਂ ਦੀਆਂ ਪੱਗਾਂ ਟੋਪੀਆਂ ਲਹਿ ਜਾਂਦੀਆਂ ਹਨ। ਕਈਆਂ ਦੇ ਸਿਰ ਤੇ ਦਾੜ੍ਹੀ ਦੇ ਵਾਲ ਪੁੱਟੇ ਜਾਂਦੇ ਨੇ।ਕਈਆਂ ਦੇ ਦੰਦ ਟੁੱਟਦੇ ਤੇ ਵਸਤਰ ਝਰੀਟੇ ਜਾਂਦੇ ਨੇ। ਸਟੇਜ ਤੇ ਅਜੀਬ ਕਾਵਾਂ-ਰੌਲੀ ਦਾ ਆਲਮ ਹੈ।

ਪਰਦਾ ਡਿੱਗਣ ਤੇ ਸਟੇਜ ਹੇਠੋਂ ਦੱਬੀਆਂ ਆਵਾਜ਼ਾਂ ਫੇਰ ਉਭਰਦੀਆਂ ਹਨ

ਬੌਨੇ-ਨੇਤਾ ਬਣ ਗਏ

ਤੇ ਨੇਤਾ- ਕਲਾਊਨ

ਸਚ ਨਾਲੋਂ ਹਿਤ ਵਡਾ

ਲੋਕ ਸੇਵਾ ਨਾਲੋਂ ਸਵਾਰਥ ਪਿਆਰਾ

ਤੁਸੀਂ ਨਿਸ਼ਕਾਮ ਸੇਵਾ ਦੀ ਗੱਲ ਕੀਤੀ

ਅਸੀਂ ਸਵਾਰਥੀ ਨੇਤਾਵਾਂ ਦਾ ਜ਼ਿਕਰ ਲੈ ਬੈਠੇ

ਤੁਸੀਂ ਪੰਜ-ਸਾਲਾ ਯੋਜਨਾਵਾਂ ਦਾ ਵਿਸ਼ਾ ਛੋਹਿਆ

ਅਸੀਂ ਲੂਪ, ਪਿੱਲ ਅਤੇ ਨਿਰੋਧ ਦੀ ਵਰਤੋਂ ਨਾਲ

ਨਿਰੰਤਰ ਵਧ ਰਹੀ ਜੰਨ ਸੰਖਿਆ

ਭੁੱਖ ਮਰੀ, ਬੇਕਾਰੀ ਤੇ ਭਰਿਸ਼ਟਾਚਾਰ ਦਾ

ਰੋਣਾ ਲੈ ਬੈਠੇ।

ਗਾਂਧੀ, ਲਿੰਕਨ ਤੇ ਲਮੁੰਬੇ ਦੇ ਕਤਲਾਂ ਦੀ ਗੱਲ ਛੱਡੋ

ਭੁੱਖੇ ਬੌਨਿਆਂ ਨੂੰ

ਸੱਤਾ ਤੇ ਪਦਵੀਆਂ ਦਿਓ

ਮਨੁੱਖ ਸੇਵਾ ਦੇ ਫੋਕਟ ਫਲਸਫ਼ਿਆਂ ਨਾਲ

ਇਨ੍ਹਾਂ ਦਾ ਪੇਟ ਨਹੀਂ ਭਰੇਗਾ।

(ਪਰਦਾ)

ਅੰਕ ਚੌਥਾ

ਪਰਦਾ ਉੱਠਣ ਤੇ ਗੇਰੂ ਰੰਗੀਆਂ ਗਿਲਤੀਆਂ ਬੰਨ੍ਹੀ ਭਿਖਸ਼ੂ ਤੇ ਭਿਖਸ਼ਣੀ ਸਟੇਜ ਤੇ ਪ੍ਰਵੇਸ਼ ਕਰਦੇ ਹਨ। ਦੋਹਾਂ ਨੇ ਮੋਢਿਆਂ ਤੇ

ਸ਼ਫ਼ੈਦ ਬਗ਼ਲੀਆਂ ਲਟਕਾਈਆਂ ਹੋਈਆਂ ਨੇ। ਹੁਣ ਸਟੇਜ ਤੇ ਹਲਕੀ ਹਰੀ ਲਾਈਟ ਹੈ। ਦੋਵੇਂ ਦਰਸ਼ਕਾਂ ਵਲ ਨਾਟਕੀ ਅੰਦਾਜ਼ ‘ਚ ਸੱਜੀਆਂ ਬਾਹਾਂ ਉਲਾਰ ਕੇ :-

ਤੁਸੀਂ ਅੰਨ੍ਹੇ ਵਾ

ਬੌਨੇ, ਸ਼ੈਤਾਨ, ਹੈਵਾਨ ਤੇ ਕੰਪਿਊਟਰ ਜਣੀ ਜਾਂਦੇ ਹੋ

ਮਨੁੱਖ ਕਿਉਂ ਨਹੀਂ ਜਣਦੇ ?

ਆਪਣੇ ਅੰਦਰ

ਖਪਰੇ ਸੱਪਾਂ ਵਾਂਗ ਕੁੰਡਲ ਮਾਰੀ ਬੈਠੇ ਹੋ

ਆਪਣੀ ਸੋਝੀ ਕਿਉਂ ਨਹੀਂ ਲੈਂਦੇ

ਬੁੱਧ ਕਿਉਂ ਨਹੀਂ ਬਣਦੇ ?

ਤੁਹਾਡੇ ਵਰਤਮਾਨ ਦਾ ਭਵਿੱਖ ਕੀ ਹੈ ?

ਤੇ ਭਵਿੱਖ ਦਾ ਵਰਤਮਾਨ ?

ਬੀਮਾਰ ਸਦੀ ਦੇ ਉਲਾਰ ਨਾਗਰਿਕੋ !

ਉਜਾੜ ਰੱਕੜ ਭੋਂ ਸਮਝ ਕੇ

ਤੁਹਾਡੇ ਸਰੀਰਾਂ ‘ਤੇ

ਕਿਰਲੇ ਤੇ ਬਿੱਛੂ ਦੌੜੇ ਫਿਰਦੇ ਹਨ

ਤੁਹਾਡੇ ਬੁੱਸੇ ਹੋਏ ਲਹੂ ‘ਚ

ਭੁੱਖੇ ਚੂਹਿਆਂ ਨੇ ਖੁੱਡਾਂ ਖੋਦ ਲਈਆਂ ਨੇ

ਤੁਹਡੀਆਂ ਦਸ਼ਾ

‘ਰੋਨਲਡ ਮੂਡੀ’ ਦੇ ਬੁੱਤਾਂ ਵਰਗੀ ਹੈ,

ਤੁਹਾਡੀ ਦੁਮ ਤੁਹਾਡੀ ਮੂੰਹ ‘ਚ

ਤੇ ਸਿਰ ਸੱਪ ਵਾਂਗ

ਤੁਹਾਡੀਆਂ ਲੱਤਾਂ ‘ਚ ਫਸਿਆ ਹੋਇਆ ਹੈ

ਤੁਸੀਂ , ਸਿਨਕੀ, ਕ੍ਰੈਂਕ ਤੇ ਡਰੱਗਿਸਟ ਲੋਕ !

ਸਿਰ ਪੇਟ ਪੂਜਾ ਲਈ ਜੀਵਤ ਹੋ

ਕੇਵਲ ਪੱਟਾਂ ਡੌਲਿਆਂ ਦੀ

ਪਸ਼ੂ ਪਰਦਰਸ਼ਣੀ ਲਈ

ਤੁਹਾਡੇ ਭੁੱਖੇ ਹਾਬੜੇ ਪਰੇਤਾਂ ਨੂੰ

ਪਾਉਂਡ ਡਾਲਰ ਤੇ ਪਦਵੀਆਂ ਚਾਹੀਦੀਆਂ ਹਨ

ਸੁਧਾਮੇ ਦੀ ਬਗ਼ਲੀ ‘ਚ ਲੁਕੀ

ਖਾਧੇ ਹੋਏ ਚੌਲਾਂ ਦੀ ਪੋਟਲੀ ਨਹੀਂ

ਸੱਤਾ ਪ੍ਰਾਪਤੀ ਲਈ

ਭੁੱਖੇ ਹਲਕੇ ਅੰਗਿਆਂਰਾਂ ਤੇ ਅਨ੍ਹੇ ਵਾ ਹੱਥ ਮਾਰਦੇ

ਅੰਨ੍ਹੇ ਚਾਂਣਕੋ !

ਰੁਕੋ !

ਤੁਹਾਡੇ ਸਿਰਾਂ ‘ਤੇ ਸੂਰਜ ਦੀ ਸਿਰਜਣਾਤਮਕ

ਛਾਇਆ ਨਹੀਂ

‘ਮੌਤ’ ਦਾ ਵਿਕਰਾਲ ਦੈਂਤ ਬੈਠਾ ਹੈ

ਤੁਹਾਡਾ ਹਸ਼ਰ

‘ਹਰੈਕਲੀਸ’ ਤੇ ‘ਕਰੋਨਸ’ ਵਰਗਾ ਹੋਵੁਗਾ

ਆਪਣੀ ਔਲਾਦ ਨੂੰ

ਤੁਸੀਂ ਆਪ ਹੀ ਮਾਰੋਗੇ,

ਆਪੇ ਹੀ ਖਾਵੋਗੇ ।

ਸ਼ਟੇਜ ਹੇਠੋਂ ਦਬੀਆਂ ਪ੍ਰਤੀਧੁਨੀਆਂ ਉਭਰਦੀਆਂ ਹਨ

ਸਿਰ ‘ਚ ਗੁੰਝਲਾਂ ਦਾ ਗੁੱਛਾ

ਸੁਰਤੀਆਂ ‘ਚ ਖਿੰਡਾਅ , ਭਾਵਾਂ ‘ਚ ਤਣਾਅ ਸੀ

ਆਪਣੇ ਹੀ ਬੋਝ ਹੇਠ ਟੁੱਟੇ , ਖਿੰਡਰੇ ਬਿਖਰੇ

ਚੱਟਾਨੀ ਥਲ ਕੱਛਦੇ

ਪਥਰੀਲੀਆਂ ਸਿਲਾਂ ਚੱਟਦੇ

ਧੂੰਏਂ ‘ਚੋਂ ਦਿਸ਼ਾ ਲੱਭਣ ਲਈ

ਇਹ ਨਾਸਤਿਕਤਾ ਅਤੇ ਆਸਤਿਕਤਾ ਵਲ ਦੌੜੇ ਸਨ

ਇਹਨਾਂ ਨੇ ਪਹੀਏ ਸਿਰਜੇ, ਅੱਗ ਸਿਰਜੀ

ਇਲਮ ਤੇ ਖ਼ੁਦਾ ਸਿਰਜੇ

ਸ਼ਹਿਰ, ਮਸ਼ੀਨਾਂ, ਫ਼ਲਸਫ਼ੇ, ਪ੍ਰਮਾਣੂੰ ਤੇ ਚੰਦਰਯਾਨ ਸਿਰਜ ਕੇ

ਹੁਣ ਇਹ ਫੇਰ

ਆਸਤਕਤਾ ਤੋਂ ਨਾਸਤਕਤਾਂ ਵਲ ਦੌੜੇ ਹਨ

ਦੋ ਅੱਗਾਂ ਵਿਚਾਲੇ ਘਿਰੇ

ਦੋ ਜਲੀਆਂ ਵਿਚਾਲੇ ਨਿਰੰਤਰ ਦੌੜਦੇ ਮੁੜ੍ਹਕੇ ਨਾਲ ਅੱਟੇ

ਧੌਂਕਣੀ ਵਾਂਗ ਸਾਹੋ ਸਾਹ ਹੋਏ

ਸਦੀਵੀ ਭਟਕਦੇ-ਇ੍ਹਾਂ ਮਾਨਨੀਯ ਮਨੁੱਖਾਂ ਨੂੰ

ਕੀ ਾਂ ਦਿਓ ਗੇ ?

ਆਵਾਜ਼ਾਂ ਰੁਕਣ ਤੇ ਇਕ ਇੱਕਲੀ ਆਵਾਜ਼

ਤੁਸੀਂ ਪੱਥਰ ਤੋਂ

ਪ੍ਰਮਾਣੂੰ ਯੁਗ ਵਲ ਆ ਰਹੇ ਹੋ ?

ਕਿ ਪ੍ਰਮਾਣੂੰ ਤੋਂ

ਪੱਥਰ ਯੁਗ ਵਲ ਜਾ ਰਹੇ ਹੋ ?

ਭਿਖਸ਼ੂ ਤੇ ਭਿਖਸ਼ਣੀ ਸਟੇਜ ਤੋਂ ਅਲੋਪ ਹੋ ਜਾਂਦੇ ਨੇ।ਅੱਠ ਬਾਈ ਛੇ ਫ਼ੁਟ ਦੇ ਦੋ ਕਿੰਗ ਚਿੱਤਰ, ਨਾਈਲੋਨ ਦੀਆਂ ਸਫ਼ੇਦ ਤਾਰਾਂ ਨਾਲ ਬੱਝੇ ਦਰਸ਼ਕਾਂ ਦੇ ਐਨ ਸਾਹਵੇਂ ਸਟੇਜ ਤੇ ਆ ਟਿਕਦੇ ਹਨ ।

ਪਲੇਅ ਬੈਕ ਤੋਂ ਕਮੈਂਟਰੀ

ਇਥੇ ਮਨੁਖ ਖਲੋਤੇ ਹਨ

ਪਰ ਬੁੱਢਾ ਫਰਨੀਚਰ ਤੁਰਦਾ ਹੈ!

(ਮਾਰਚ ਆਫ਼ ਫ਼ਰਨੀਚਰ-ਕ੍ਰਿਤ-ਯੌਸੱਲ, ਬਰਗਨਰ)

ਇਹ ਜੀਊਂਦਾ ਜਾਗਦਾ ਸਵਾਸ ਲੈਂਦਾ ਮਨੁੱਖ ਹੈ

ਕਿ ਗੱਤੇ ਦੇ ਲੱਕੜ ਦੇ

ਖੋਖਿਆ ਦਰਾਜ਼ਾਂ ਦਾ ਕਵਾੜਖਾਨਾ ?

(ਸਿਟੀ ਆਫ਼ ਡਕਾਅਰਜ਼-ਕ੍ਰਿਤ-ਸਲਵਾਡੋਰ ਡਾਲੀ)

ਜ਼ਿੰਦਗੀ-ਜ਼ਿੰਦਗੀ ਹੈ !

ਚੌਂਪਟ ਦੀ ਬਾਜ਼ੀ ਨਹੀਂ !

ਤਸਵੀਰਾਂ ਉਪਰ ਉਠਦੀਆਂ ਹਨ ਤਾਂ ਕਿਲਾਂ, ਛੁਰੀਆਂ, ਚਾਕੂਆਂ ਨਾਲ ਈਸਾ ਵਾਂਗ ਵਿੰਨਿਆਂ ਹੋਇਆ ਲੱਕੜ ਦਾ ਦਰਮਿਆਨੇ ਕੱਦ ਦਾ ਮਨੁੱਖੀ- ਟੌਰਸੋ ਸੰਗਲਾਂ ਨਾਲ ਲਟਕਦਾ ਸਟੇਜ ਤੇ ਉਤਰਦਾ ਹੈ। ਬੈਕ ਗਰਾਊਂਡ ਤੋਂ ਨਾ ਕੋਈ ਆਵਾਜ਼ਾਂ ਉਭਰਦੀਆ ਹਨ , ਨਾ ਕੋਈ ਕੁਮੈਂਟਰੀ। ਟਾਰਸੋ ਮੱਧਮ ਲਾਲ ਬੱਤੀ ਦੀ ਲੋਅ 'ਚ ਤਕਰੀਬਨ ਇਕ ਮਿੰਟ ਸਟੇਜ ਤੇ ਰਿਹਮਵੰਦਾ ਹੇ ਸਟਜ ਅਤੇ ਹਾਲ ਵਿਚ ਕਬਰ ਵਰਗੀ ਚੁੱਪ ਛਾ ਜਾਂਦੀ ਹੈ ਅਤੇ ਹਰ ਦਰਸ਼ਕ ਤੇ ਮੌਤ ਦਾ ਅਕਿਹ ਭੈ ਤਾਰੀ ਹੋ ਜਾਂਦਾ ਹੈ।

ਬਹੁ-ਪੱਖੀ ਮਾਨਸਕ ਤਣਾਵਾਂ ਦੇ ਝਟਕਿਆ ਨਾਲ ਦਰਸ਼ਕਾਂ ਵਿਚਾਲੇ ਬੈਠਾ ਉਹ ਘਬਰਾ ਕੇ ਉੱਠਦਾ ਹੈ। ਕਾਹਲੀ ਨਾਲ ਦੋਵੇਂ ਹੱਥ ਉਪਰ ਉਠਾ ਖ਼ੁਸ਼ਕ ਖ਼ੋਪਰ ਖੁਰਚਣ ਲਗ ਪੈਂਦਾ ਹੈ। ਪਿਛੇ ਬੈਠੇ ਉਤਸੁਕ ਦਰਸ਼ਕਾ ਦੇ ਹੂਟ ਕਰਨ ਤੇ ਸਿਰ ਝਟਕ ਕੇ, ਬੈਚੈਨ ਤੇ ਨਿੰਝੂਣਾ ਜਿਹਾ ਹੋਇਆ ਫੇਰ ਬੈਠ ਜਾਂਦਾ ਹੈ।ਕੁਝ ਛਿਣਾਂ ਲਈ ਉਸਦਾ ਸਟੇਜ ਨਾਲ - ਪਾਤਰਾਂ ਤੇ ਆਵਾਜ਼ਾਂ ਨਾਲੋਂ, ਮਾਨਸਕ ਸੰਬੰਧ ਟੁੱਟ ਜਾਂਦਾ ਹੈ। ਉਸਦੇ ਜ਼ਿਹਨੀ ਚਿੜ੍ਹਪਟ ਤੇ ਪਿਛਲੇ ਕੁਝ ਸਾਲਾਂ 'ਚ ਦੇਖੀਆਂ 'ਫਰੈਂਚ' ਤੇ ਅਮਰੀਕਨ' ਫ਼ਿਲਮਾਂ (ਅਲ਼ਫ਼ਾਵੀਲ-ਵਿਗਿਆਨ ਦੇ ਮਾਰੂ ਪ੍ਰਭਾਵ ਬਾਰੇ,'ਬੈੱਲ ਦਾ ਜੂਅਰ' ਤੇ 'ਡੀ ਸੇਡ'- ਸੈਡਿਸਟਾਂ ਬਾਰੇ, 'ਸਪਾਰਟਾਕਸ'- ਰੋਮਨ ਸਾਮਰਾਜ ਵਿਰੁਧ ਗ਼ੁਲਾਮਾਂ ਦੇ ਸਸ਼ਸਤਰ ਵਿਦਰੋਹ ਬਾਰੇ ਤੇ 'ਬੈੱਨ -ਹੱਰ' -ਈਸਾ ਦੇ ਕਰੂਸੀਫ਼ਿਕਸ਼ਨ ਬਾਰੇ) ਦੇ ਫਲੈਸ਼ ਬੈਕ ਚੁੱਪ ਪ੍ਰਭਾਵ ਉਭਰਦੇ ਹਨ ।

ਉਹ ਸਿਰ ਖੁਰਕਦਾ ਫੇਰ ਉੱਠ ਖਲੋਂਦਾ ਹੈ, ਪਰ ਦਰਸ਼ਕਾਂ ਦੇ ਹੂਟ ਕਰਨ ਤੇ ਬੈਚੈਨੀ ਦੀ ਹਾਲਤ 'ਚ ਸਿਰ ਝਟਕ ਕੇ ਫੇਰ ਬੈਠ ਜਾਂਦਾ ਹੈ।

(ਪਰਦਾ)

ਅੰਕ ਪੰਜਵਾਂ

ਪਰਦਾ ਉਠਦੇ ਹਜ਼ਾਰ ਵਾਟ ਦੀ ਰੌਸ਼ਨੀ ਚ' ਇਕ ਛੀਟਕਾ ਜਿਹਾ , ਪਰ ਤਣੇ ਸਰੀਰ ਵਾਲਾ ਨੌਜਵਾਨ ਸਟੇਜ ਤੇ ਆਉਂਦਾ ਹੈ ਤੇ ਬੜੇ ਜੋਸ਼ ਨਾਲ ਕਵਿਤਾ ਵਾਂਗ ਕਾਗ਼ਜ਼ ਤੋਂ ਪੜ੍ਹਨ ਲਗ ਪੈਂਦਾ ਹੈ।

ਮੇਜ਼- ਮੇਜ਼ ਨਹੀਂ ਰਿਹਾ

ਕੁਰਸੀ- ਕੁਰਸੀ ਨਹੀਂ ਰਹੀ

ਤੁਸੀਂ -ਤੁਸੀਂ ਨਹੀਂ ਰਹੇ

ਹਕੀਕਤਾਂ ਦੇ ਚਿਹਰੇ

ਵਸਤਾਂ ਦੇ ਹਦੂਦ ਅਰਥੇ ਬਦਲ ਗਏ ਨੇ

ਪਿਆਰ, ਘਿਰਣਾ, ਸੁਹਰਦਤਾ ਤੇ ਸਹਾਨਭੂਤੀ ਦੇ

ਅਰਥਾਂ ਦੀ ਗਲ ਛੱਡੋ !

ਅਜ ਪ੍ਰਾਪਤੀ ਦਾ ਨਹੀਂ

ਪਰਚਾਰ ਦਾ ਜ਼ਮਾਨਾ ਹੈ !

ਫੜ ਫੜ ਕਰਦੇ ਖੰਭਾਂ ਹੇਠ

ਨੰਗੇ ਡੰਗ ਲਈ

ਭਰਿੰਡਾਂ ਵਾਂਗ ਭੀਂ ਭੀਂ ਕਰਕੇ ਉੱਡਦੇ

365 ਦਿਨਾ ਦੀ ਭੀੜ 'ਚ

ਡੈਂਬਰੇ ਮਨੁੱਖ ਘਿਰੇ ਪਏ ਨੇ

ਬੱਸ ਸਟਾਪਾਂ, ਸਟੇਸ਼ਨਾਂ

ਬੰਦਰਗਾਹਾਂ ਤੇ ਹਵਾਈ ਅੱਡਿਆਂ ਦੀ ਲਾਵਾਰਸ ਭੀੜ 'ਚ

ਆਪਣਾ ਮਾਂ ਪਿਓ ਲੱਭਣ

ਆਪਣਾ ਸਿਰਨਾਵਾਂ ਦੱਸਣ ਦੀ

ਕਿਸ ਨੂੰ ਵਿਹਲ ਹੈ ?

ਬੁੱਚੜ ਖ਼ਨਿਆਂ ਦੇ ਸੰਚਾਲਕ ਬੁੱਚੜ ਲੋਕ

ਆਪਣੇ ਬੁੱਚੜ ਖ਼ਾਨਿਆਂ 'ਚ

ਦੁਸਰਿਆਂ ਨੂੰ ਝਟਕਦੇ ਹਲਾਲਦੇ,

ਜਾਣੇ ਅਣਜਾਣੇ, ਆਪਣੇ ਗੰਡਾਸਿਆ ਨਾਲ

ਆਪ ਵੀ ਝਟਕੇ ਜਾ ਰਹੇ ਨੇ

ਨਗਰ ਵਾਸੀਆਂ ਦੀ ਪ੍ਰਾਪਤੀ ਦੇ ਪਰਚਾਰ ਲਈ

ਹਰ ਚੌਂਕ, ਹਰ ਮੋੜ 'ਤੇ

ਬਾਂਝ, ਬਦਨਾਮ ਇਸਤ੍ਰੀਆਂ ਦੇ ਗਰਭ

ਨਿਪੁੰਸਕ ਮਨੁੱਖਾਂ ਦੇ ਝੁਰੜਾਏ ਲਿੰਗ ਲਟਕਦੇ ਨੇ

ਮੇਰੇ ਲਹੂ 'ਚ

'ਸੁਤੰਤਰਤਾ' ਦੀ ਅਕਹਿ ਭੁੱਖ ਲੁਕੀ ਪਈ ਹੈ

ਫਰ ਸੱਤਾ ਧਾਰੀ, ਹਿੱਕ ਦੇ ਜ਼ੋਰ

ਮੇਰੀ ਹਿੱਕ 'ਚੋਂ

ਧੁਪ ਘੜੀ ਦੀ ਰੇਤ ਵਾਂਗ ਲੰਘੀ ਜਾ ਰਹੇ ਨੇ

ਮੈਨੂੰ ਲਗਦਾ

ਜਿਵੇਂ ਅਗਲੇ ਛਿਣ

ਕਿਸੇ ਥੰਮ੍ਹ ਨਾਲ ਬੰਨ੍ਹ ਕੇ

ਮੈਨੂੰ ਫ਼ਾਇਰਿੰਗ ਸਕੁਐਡ ਰਾਹੀਂ

ਉਡਾਇਆ ਜਾਣਾ ਹੋਵੇ !

ਨਿਤਸ਼ੇ ਦਾ ਸੱਤਾ ਵਾਦ ਵੀ

ਕਿੰਨਾਂ ਦਿਲਚਸਪ ਫ਼ਲਸਫ਼ਾ ਹੈ!

ਝੋ ਹਿਟਲਰਾਂ, ਹਿਮਲਰਾਂ ਤੋਂ ਘਟ

ਮਹਾਂ ਪੁਰਸ਼ਾਂ ਨੂੰ ਜਨਮ ਨਹੀਂ ਦਿੰਦਾ

ਇਸ ਝਿਲਮਿਲ ਕਰਦੀ ਸੀਭਅਤਾ ਦੇ ਅਰਥ

ਅਮਰੀਕਾ ਦੇ ਨਾਲ ਭਾਰਤੀਆਂ

ਆਟ੍ਰੇਲੀਆ ਦੇ ਆਵਾਸੀਆਂ

ਅਫ਼ਰੀਕਾ ਦੇ ਪਿਗਮੀਆਂ ਤੋਂ ਪੁੱਛੋ!

ਸ਼ੱਤਾ ਨਾਲ ਆਢਾ ਲਾ ਕੇ

ਸਭਿਅਤਾ ਤੇ ਫ਼ਲਸਫ਼ਿਆਂ ਦੇ ਵਾਂਧੇ ਨਾਲ ਵਧੀਆਂ

ਗਿਲੋਟੀਨਾਂ ਅਤੇ ਅਲੈਕਟ੍ਰਿਕ ਚੇਅਰਾਂ ਦਾ ਵਾਰ

ਮੈਂ ਆਪਣੀ ਦੇਹ 'ਤੇ ਅਜਮਾਉਣਾ ਚਾਹੁੰਦਾ ਹਾਂ

ਖ਼ੁਰਦਬੀਨੀ ਅੱਖਾਂ ਨਾਲ ਦੇਖੋ!

ਦਿਖਾਵੇ ਦੀਆਂ ਬਾਹਰੀ ਤਰਤੀਬਾਂ ਦੇ ਪਰਦੇ ਹੇਠ

ਵਸਤਾਂ ਦੇ ਧੁਰ ਅੰਦਰ

ਕਿੰਨੀ ਬੇਤਰਤੀਬੀ ਹੈ ?

ਸੂਟਾਂ, ਟਾਈਆਂ ਤੇ ਫ਼ੈਸ਼ਨੇਬਲ ਬਸਤਰਾਂ ਦੀਆਂ

ਭੜਕੀਲੀਆਂ ਤਹਿਆਂ ਹੇਠ

ਰੇਤਲੇ ਮਨੁੱਖੀ ਆਕਾਰ

ਸਾਹਾਂ ਦੇ ਸੰਚਾਰ ਨਾਲ

ਸਵੈ-ਚਾਲਕ ਯੰਤਰਾਂ ਵਾਂਗ

ਆਪਣੇ ਆਪ ਭੁਰਦੇ ਜੁੜਦੇ ਰਹਿੰਦੇ ਨੇ

ਸਮੇਂ ਦੀ ਬਿਜਲਈ ਝਟਕਿਆਂ ਨਾਲ ਝੰਬੇ

ਧਰਮ, ਨੈਤਕਤਾ, ਸਰੀਰ, ਆਤਮਾ

ਜ਼ਿਹਨ, ਭਾਵ, ਅਨੁਭਵ ਤੇ ਅਹਿਸਾਸ

ਸੁਭਾਅ ‘ਚ ਕਿੰਨੇ ਬਦਲ ਗਏ ਨੇ !

ਇਹ ਲੋਹਾ, ਸਿੱਕਾ, ਤਾਂਬਾ

ਚੁਗਿਰਦੇ ‘ਚੋਂ ਉੱਠਦਾ ਕਸੈਲਾ ਧੂੰਆਂ

ਸਾਡੇ ਲਹੂ ‘ਚ ਪਥੱਲਾ ਮਾਰ ਕੇ ਹੀ ਨਹੀਂ ਬੈਠਾ

ਧੀਰੇ ਧੀਰੇ

ਸ਼ਾਡੀ ਪ੍ਰਕ੍ਰਿਤੀ ਵੀ ਬਦਲ ਰਿਹਾ ਹੈ।

ਭੁੱਖ , ਬਿਮਾਰੀ ਸੋਕੇ ਤੇ ਮੌਤ ਦੇ

ਹਵਾਈ ਇਲਾਜ ਲੱਭਣ ਵਾਲਿਆ ਦੀ ਹੀ ਨਹੀਂ

ਉਪਰੇਸ਼ਨ ਥੀਏਟਰਾਂ ‘ਚ ਪਏ ਮਰੀਜ਼ਾਂ ਦੇ

ਠੀਕ ਥਾਂ ਗ਼ਲਤ ਦੰਦ ਪੁੱਟਣ

ਗ਼ਲਤ ਨਾੜਾਂ ਟੁੱਕਣ ਵਾਲੇ ਤਬੀਬਾਂ ਦੀ ਵੀ ਦਾਦ ਦਿਓ!

ਇਹ ਕੇਹੀ ਨਿਟਕਤਾ

ਕੇਹੀ ਸਹਾਨ ਭੂਤੀ ਹੈ ?

ਤੁਹਾਡੇ ਨਾਲ ਵਿਮਾਣ ‘ਚ ਉਡਦੇ ਨਿਕਟੀ

ਤੁਹਾਡੇ ਖ਼ਿਲਾਫ਼ ਇਸ਼ਤਿਹਾਰ ਵੀ ਵੰਡੀ ਜਾ ਰਹੇ ਨੇ

ਹੋਰ ਤਾਂ ਹੋਰ

ਉਨ੍ਹਾਂ ਫ਼ਲਾਸਫ਼ੀ ਰੋਬਟਾਂ ਦਾ ਕੀ ਕਰੋਗੇ ?

ਇਕ ਘੜੀ ਪਹਿਲਾਂ

ਜੋ ਘੜੀ ਵਾਂਗ ‘ਟਿਕ’ ‘ਟਿਕ’ ਕਰਦੇ ਸੀ

ਅਤੇ ਹੁਣ ਆਪਣੇ ਹੀ ਵਿਸਫੋਟ ਨਾਲ

ਘੜੀ ਦੇ ਪੁਰਜ਼ਿਆਂ ਵਾਂਗ

ਮੇਜ਼ ਤੇ ਬਿਖਰੇ ਪਏ ਨੇ !

ਖੁਲ੍ਹੀ ਚਿੱਟੀ ਦਾੜ੍ਹੀ, ਲੰਮੇ ਚਿੱਟੇ ਚੋਲੇ ਤੇ ਰੇਬਦਾਰ ਸਫ਼ੇਦ ਪਾਜਾਮੇ ‘ਚ ਮਲਬੂਸ ਇਕ ਬਜ਼ੁਰਗ ਮਾਈਕ ਤੇ ਆਉਂਦਾ ਹੈ।ਭਾਵੇਂ ਵਾਲ ਚਿੱਟੇ ਹਨ, ਪਰ ਚਿਹਰਾ ਜਲਾਲ ਨਾਲ ਦਗ ਦਗ ਕਰਦਾ ਹੈ । ਮੂੰਹ ਜ਼ਬਾਨੀ ਭਾਸ਼ਣੀ ਅੰਦਾਜ਼ ‘ਚ ਪਾਠਕਾਂ ਨੂੰ ਸੰਬੋਧਨ ਕਰਨ ਲਗ ਪੈਂਦਾ ਹੈ, ਜਿਵੇਂ ਜ਼ਿੰਦਗੀ ਦੇ ਕਠੋਰ ਤਜਰਬੇ ‘ਚੋਂ ਗੱਲ ਕਰ ਰਿਹਾ ਹੋਵੇ ।

ਅਜ ਦੀ ਸਭਿਅਤਾ

ਸ਼ੈਤਾਨੀ ਸਭਿਅਤਾ ਹੈ

ਦੂਰ- ਚੌਕਾਂ, ਮੋੜਾਂ, ਸੜਕਾਂ ਤੇ ਬਾਜ਼ਾਰਾਂ ਦੀ ਭੀੜ ‘ਚੋਂ

ਉਠਦੇ, ਹਿੱਲਦੇ, ਝੂਲਦੇ ਹੱਥ

ਸੱਜਣਾਂ, ਮਿੱਤਰਾਂ ਤੇ ਹਿਤੈਸ਼ੀਆਂ ਦੇ ਨਹੀਂ

ਬਨਮਾਣਸਾਂ ਦੇ ਨਹੀਂ

ਮਨੁੱਖੀ ਲਹੂਆਂ ‘ਚ ਲਿਬੜੇ

ਲੱਖ ਪੱਥ ਪੰਜੇ ਨੇ

ਸਦਾ ਜੀਊਂਦੇ ਰਹਿਣ ਲਈ

ਅਪਣੇ ਧੜ ਲਈ

ਇਤਿਹਾਸ ‘ਚੋਂ ਸਿਰ ਮੰਗਦੇ ਹੋ

ਨੀਤੀ ਦੇ ਧੜ ‘ਤੇ

ਇਤਿਹਾਸ ਦਾ ਸਿਰ ਲਗਦਾ ਹੈ

ਕਈ ਅਭਾਗੇ ਦੇਸ਼ਾਂ ‘ਚ

ਲਹੂਆਂ ਦੇ ਛੱਪੜ ਲਗ ਜਾਂਦੇ ਨੇ

ਕੁਝ ਅੱਯਾਸ਼ਾਂ ਦੇ ਮਨ-ਪਰਚਾਵੇ ਲਈ

ਗਲੈਡੀਏਟਰਾਂ ਦੀ ਲੜਾਈ ‘ਚ

‘ਟੈਲੀਮਾਕਸ’ ਕੱਟੇ ਜਾਂਦੇ ਨੇ

ਇਨ੍ਹਾਂ ਨਿਊਨ ਤੇ ਇਸ਼ਤਿਹਾਰੀ ਰੌਸ਼ਨੀਆਂ ਦੀ

ਨਗਾਉਣੀ ਝਿਲਮਿਲ ਪਿਛੇ ਨਾ ਜਾਓ

ਇਨ੍ਹਾਂ ਹੇਠ ਦੱਬੇ

‘ਸੱਚ’ ਦੀ ਰੰਗਤ ਕੁਝ ਹੋਰ ਹੈ

ਅਜ ਦੀ ਰਾਜਨੀਤੀ–

ਹੱਕ ਪ੍ਰਸਤ– ਨੀਤੀ ਨਹੀਂ–ਬਘਿਆੜ –ਨੀਤੀ ਹੈ !

ਇਸਦਾ ਦਿਲ ਪੱਥਰ ਦਾ

ਸਿਰ ਲੋਹੇ ਦਾ

ਹੱਥ ਹਥੌੜਿਆਂ ਦੇ ਨੇ

ਆਪਣੀ ਸਿਰਜਣਾ ‘ਤੇ ਮਾਣ ਕਰਨ ਵਾਲਿਓ !

ਤੁਹਾਡੀ ਸਿਰਜਣਾ

ਤੁਹਾਡਾ ਅੰਤਰ ਵਿਰੋਧ ਹੈ

ਅੰਦਰ ਤੇ ਬਾਹਰ

ਇਕ ਦੂਜੇ ਨੂੰ ਕੱਜਦੇ ਨਹੀਂ

ਇਕ ਦੂਜੇ ਨੂੰ ਕੱਟਦੇ ਨੇ

ਮਨੁੱਖ– ਅਜ ਮਨੁੱਖ ਨਹੀਂ ਰਿਹਾ

ਖਾਧੀ, ਪੀਤੀ, ਵੇਚੀ ਵੱਟੀ

ਮਨ–ਪਰਚਾਵੇ ਲਈ ਝਟਕਾਈ ਜਾਣ ਵਾਲੀ

ਵਸਤੂ ਬਣ ਗਿਆ ਹੈ

ਨੀਤੀ ਦੇ ਧੜ ‘ਤੇ ਇਨਸਾਨੀਅਤ ਦਾ ਸਿਰ ਲਗਦਾ ਹੈ

ਦਰਖ਼ਤ ਹਿੱਲਦੇ

ਪਰਬਤ ਤੁਰਦੇ

ਡੱਡੂ ਵਾਂਗ ਟਪੋਸੀਆਂ ਲਾਉਨਦੇ ਨਜ਼ਰ ਆਉਂਦੇ ਨੇ

ਧਰਮ ਦੇ ਧੜ ‘ਤੇ ਨੀਤੀ ਦਾ ਸਿਰ ਲਗਦਾ ਹੈ

ਕਈ ਦੇਸਾਂ ‘ਚ ਲਹੂਆਂ ਦੇ ਛੱਪੜ

ਲੱਖਾਂ ਦੀ ਗਿਣਤੀ ‘ਚ

ਮਨੁੱਖੀ ਸਿਰ ਕੱਟੇ ਜਾਂਦੇ ਨੇ।

ਆਪਣੇ ਧੜ ‘ਤੇ ਬਘਿਆੜ ਦਾ ਸਿਰ ਲਾ ਕੇ

ਹੋਰ ਕਿੰਨੇ ਕੁ ਵੀਅਤਨਾਮ ਸਿਰਜਣੇ ਚਾਹੁੰਦੇ ਹੋ

ਇਕ ਵੀਅਤਨਾਮ ਨਾਲ ਤੁਹਾਡਾ ਢਿੱਡ ਨਹੀਂ ਭਰਿਆ ?

ਆਪਣੇ ਧਰਮ ਤੇ ਖ਼ੁਦਾਈ ਨੀਤੀ ਨੂੰ

ਅਪਣੇ ਝੁੱਗੇ ‘ਚ ਰੱਖੋ

ਅਜਿਹੇ ਦੁਲਿੰਗੇ ਫ਼ਲਸਫ਼ਿਆਂ ਦੀ

ਸਾਨੂੰ ਲੋੜ ਨਹੀਂ

ਅਪਣੇ ਧਰਮ ‘ਤੇ ਖ਼ੁਦਾ

ਅਸੀਂ ਆਪ ਸਿਰਜ ਲਵਾਂਗੇ।

ਧੌਲੀ ਦਾੜ੍ਹੀ ਵਾਲਾ ਬਜ਼ੁਰਗ ਸਟੇਜ ਤੋਂ ਅਲੋਪ ਹੋ ਜਾਂਦਾ ਹੈ ਅਤੇ ਪਲੇਅ ਬੈਕ ਤੋਂ ਫੇਰ ਆਵਾਜ਼ਾਂ ਉਭਰਦੀਆਂ ਨੇ।

ਤੁਹਾਡੇ ਸਰੀਰ ‘ਚ ਹੱਡੀਆਂ ਨਹੀਂ

ਲੱਕੜ ਦੀਆਂ ਫੱਟੀਆਂ ਨੇ

ਤੁਹਾਡੇ ਡਰਨੇ ਵਾਂਗ ਗੱਡੇ ਸਰੀਰ ‘ਚੋਂ

ਗੰਧਕ, ਫਾਸਫੋਰਸ, ਲੋਹਾ ਤੇ ਚੂਨਾ ਗਾਇਬ ਹੈ

ਤੁਹਾਡੇ ਫੇਫੜਿਆਂ ‘ਚ

ਪਸ਼ੂਆਂ ਦੀ ਖੁਰਲੀਆਂ ਚੋਂ ਉੱਡੀ ਤੂੜੀ

ਤੇ ਲਹੂ ‘ਚ

ਤਪਦੇ ਮਘਦੇ ਸੁਰਜ ਦੀ ਥਾਂ

ਬੁੱਝੇ ਹੋਏ ਗੋਹਟਿਆਂ ਦੀ ਸਵਾਹ ਖਿੱਲਰੀ ਪਈ ਹੈ

ਬੀਮਾਰ ਸਦੀ ਦੇ ਅੰਨ੍ਹੇ ਚਾਣੱਕੋ!

ਤੁਹਡੀ ਹੋਣੀ-ਤੁਹਾਡੇ ਸਰਦਲ ਹੇਠ

ਤੇ ਮੌਤ ਤੁਹਾਡੇ ਪੈਰਾਂ ਹੇਠ ਦੱਬੀ ਪਈ ਹੈ

ਤੁਸੀਂ ਸੂਰਾ ਮੰਡੀ ਦੇ ਵਸਨੀਕ

ਮੈਲੇ ਸਾਹਾਂ ‘ਚ

ਮੋਈਆਂ ਬਿੱਲੀਆਂ ਦੀ ਬਦਬੋ ਸਾਂਬਣ ਵਾਲੇ

ਸਾਰੇ ਬੂਹੇ ਬੰਦ ਕਰਕੇ

ਅਪਣੇ ਦੁਆਲੇ

ਲ਼ੋਹੇ ਦੀਆਂ ਉੱਚੀਆਂ ਉੱਚੀਆਂ ਸ਼ੈਤਾਨੀ ਕੰਧਾਂ ਉਸਾਰਨ ਵਾਲੇ

ਅਪਣੇ ਅਪਣੇ ਜੇਲ੍ਹਖਾਨੇ ‘ਚ

ਜੀਉਂਦੇ ਦਫ਼ਨ ਹੋਣ ਵਾਲੇ

ਖੁੱਲੇ ਆਕਾਸ਼

ਤਾਜ਼ਾ ਹਵਾ

ਤਪਦੇ ਸੂਰਜ-ਮੌਲਦੀ ਬਨਸਪਤ

ਤੇ ਜੀਵਨ ਦੇ ਹਰ ਛਿਣ ਵਧਦੇ ਫੈਲਦੇ

ਕਠੋਰ ਸੱਚ ਤੋਂ ਬਚਕੇ ਕਿੱਥੇ ਜਾਓਗੇ !

ਖਲਾਈ ਲੇਬਾਟਰੀਆਂ , ਕੋਬਾਲਟ ਤੇ ਸਮਾਰਟ ਬੰਬਾਂ ਤੇ

ਲ਼ੇਜ਼ਰ ਬੰਬਾਰਾਂ ਦੇ ਸਿਰਜਕੋ।

ਦੁਨੀਆਂ ਤਬਾਹੀ ਦਾ ਹੀ ਖੇਡ ਪਸਾਰਾ ਨਹੀਂ

ਉਸਾਰੀ ਨਾਂ ਦਾ ਵੀ ਕਠੋਰ ਸਚ ਹੈ

ਜ਼ਿੰਦਗੀ ਦੀਆਂ ਸਭ ਸੜਕਾਂ ‘ਰੋਮ’ ਵਲ ਨਹੀਂ

‘ਮਨੁੱਖ’ ਵਲ ਜਾਂਦੀਆਂ ਨੇ।

ਪ੍ਰਸ਼ਨ ਹੈ–

ਅਪਣੇ ਦੁਆਲੇ ਆਪ ਉਣੇ ਜੰਜਾਲ ਤੋੜ ਕੇ

ਮਨੁੱਖ-ਮਨੁੱਖ ਕਦੋਂ ਬਣੇਗਾ ?

ਦਿਲ ਤੇ ਜ਼ਿਹਨ ਦੇ ਘਿਸੇ ਹੋਏ ਪੁਰਜ਼ੇ ਬਦਲਾਉਣ ਲਈ

ਕਿਸੇ ਵਰਕਸ਼ਾਪ ‘ਚ ਕਦੋਂ ਜਾਵੇਗਾ ?

ਮਨੁੱਖ ਦਾ ਹਿੱਸਾ

‘ਸੀਜ਼ਰ’ ਤੇ ‘ਰੱਬ’ ਨੂੰ ਨਹੀਂ

ਮਨੁੱਖ ਨੂੰ ਕਦੋਂ ਮਿਲੇਗਾ ?

ਥੋੜੀ ਦੇਰ ਰੁਕ ਕੇ ਫੇਰ ਆਵਾਜ਼ਾਂ

ਨਾ ਮਨੁੱਖੀ ਸੋਚਾਂ ਦੁਆਲੇ ਸੰਗਲ

ਨਾ ਰੱਸੇ

ਨਾ ਮਨੁੱਖੀ ਸਰੀਰਾਂ ‘ਚ ਹਰ ਰੋਜ਼ ਬੇਰਹਿਮੀ ਨਾਲ

ਤਿੱਖੇ ਤੱਤੇ –ਮੋਟੇ ਮੋਟੇ ਕਿੱਲ ਠੁਕਦੇ

ਸਾਰਾ ਆਕਾਸ਼– ਖੁੱਲਾ ਆਕਾਸ

ਖੁੱਲਾ ਆਕਾਸ਼– ਮਨੁੱਖਾ ਆਕਾਸ਼

ਪਲੇਅ ਬੈਕ ਆਵਾਜ਼ਾਂ ਦੱਬਣ ਤੇ ਛੀਟਕਾ ਜਿਹਾ , ਪਰ ਤਣੀ ਹਿੱਕ ਵਾਲਾ ਨੌਜਵਾਨ ਫੇਰ ਮਾਈਕ ਸਾਹਮਣੇ ਆਉਂਦਾ ਹੈ ਤੇ ਕਾਗ਼ਜ਼ ਤੋਂ ਪੜ੍ਹਨ ਲਗ ਪੈਂਦਾ ਹੈ ।

ਸੰਗੀਨ ਦੀ ਨੋਕ

ਸੂਈ ਦਾ ਨੱਕਾ, ਬੰਦੀ ਖ਼ਾਨੇ

ਚਰਖੜੀ, ਪਿੰਜਣ, ਪੁਲਸਰਾਤ, ਅੱਗ ਦਾ ਦਰਿਆ

ਜ਼ਿੰਦਗੀ ਤਕ ਪਜਣ ਲਈ

ਮਨੁੱਖ ਨੂੰ ਕਿੰਨੀਆਂ ਮੌਤਾ 'ਚੋਂ ਲੰਘਣਾ ਪੈਂਦਾ !

ਸਟੇਜ ਤੇ ਮੱਧਮ ਜਿਹੀ ਲਾਲ ਬੱਤੀ ਜਗਦੀ ਹੈ । ਛੀਟਕਾ ਜਿਹਾ ਨਜੌਵਾਨ ਅਲੋਪ ਹੋ ਜਾਂਦਾ ਹੈ। ਸਟੇਜ ਹੇਠੋਂ ਦਬੀਆਂ ਆਵਾਜ਼ਾਂ ਅੰਤਿਮ ਵਾਰ ਉਭਰਦੀਆਂ ਨੇ।

ਜ਼ਿਹਨ ਆਜ਼ਾਦ !

ਆਤਮਾ ਆਜ਼ਾਦ !

ਕਲਪਨਾ ਆਜ਼ਾਦ !

ਬੋਲ ਆਜ਼ਾਦ !

ਕਲਮਾਂ ਆਜ਼ਾਦ !

ਮਨੁੱਖ ਆਜ਼ਾਦ !

ਕ੍ਰਾਂਤੀ- ਕ੍ਰਾਂਤੀ- ਕ੍ਰਾਂਤੀ

ਸਟੇਜ ਤੇ ਬੱਤੀਆਂ ਗੁਲ ਹੋ ਜਾਂਦੀਆਂ ਨੇ, ਪਰ ਹਾਲ 'ਚ ਬੱਤੀਆਂ ਜਗ ਪੈਂਦੀਆਂ ਨੇ। ਦਰਸ਼ਕ ਸਿਰ ਖੁਰਕਦੇ ਕੁਰਸੀਆਂ ਤੋਂ ਉਠ ਖੜੋਂਦੇ ਨੇ। ਉਹ ਵੀ ਭੀੜ 'ਚ ਗੁਆਚ ਦੋਹਾਂ ਹੱਥਾਂ ਨਾਲ ਸਿਰ ਖੁਰਕਦਾ ਐਗਜ਼ਿਟ ਲਿਖੇ ਦਰਵਾਜ਼ੇ ਵਲ ਸਰਕਣ ਲਗ ਪੈਂਦਾ ਹੈ।

-----0-----

ਅਵਾਂਟ ਗਾਰਡ ਕਵੀ ਅਜਾਇਬ ਕਮਲ ਨਵੀਂ ਕਵਿਤਾ ਦੇ ਮੋਢਆਂ 'ਚੋਂ ਹੈ। ਜਸਬੀਰ ਤੇ ਰਵੀ ਨਾਲ ਮਿਲ ਕੇ ਉਸ ਨੇ ਪ੍ਰਯੋਗਸ਼ੀਲ ਲਹਿਰ ਆਰੰਭੀ ਤੇ ਫੇਰ ਇਸ ਨਾਲੋਂ ਟੁੱਟ ਆਧੁਨਿਕਤਾ ਲਹਿਰ ਦਾ ਸੰਚਾਲਨ ਕੀਤਾ। ਅਲੋਚਕਾਂ ਅਨੁਸਾਰ ਉਸਦੀ ਪਹਿਲੀ ਕਾਵਿ ਪੁਸਤਕ 'ਤਾਸ਼ ਦੇ ਪੱਤੇ'(1962) ਨੇ ਪੰਜਾਬੀ ਸਾਹਿਤ ਵਿਚ ਤਰਥੱਲੀ ਮਚਾ ਦਿਤੀ ਅਤੇ ਦੁਜੀ ਪੁਸਤਕ 'ਸ਼ੰਤਰੰਜ ਦੀ ਖੇਡ'(1965) ਐਂਟੀ-ਰੋਮਾਂਟਿਕ ਆਧੁਨਿਕ ਪਰਵਿਰਤੀ ਪੱਖੋਂ 'ਟ੍ਰੈਂਡ-ਸੈਂਟਰ'ਸਿਧ ਹੋਈ। ਮਨੁੱਖ ਤੇ ਖ਼ਲਾਅ'(1967) ਅਤੇ 'ਹੁਣ ਮੈਂ ਜ਼ੀਰੋ ਨਹੀਂ'(1969) ਉਸਨੇ ਦੋ ਹੋਰ ਪੁਸਤਕਾਂ ਛਪਵਾਉਣ ਦਾ ਵੀ ਪ੍ਰਬੰਧ ਕੀਤਾ, ਪਰ ਕੁਝ ਹਿਤੈਸ਼ੀਆਂ ਦੀ ਮਿਹਰਬਾਨੀ ਸਦਕਾ ਪ੍ਰਕਾਸ਼ਕਾਂ ਤੇ ਬੁਕ-ਬਾਈਂਡਰਾਂ ਦੀ ਲੁਹ-ਕੈਦ 'ਚੋਂ ਬਾਹਰ ਨਾ ਆ ਸਕੀਆਂ। ਪ੍ਰਦੇਸ ਵਸਦਾ ਹੋਣ ਕਾਰਨ ਛਪਣ ਪੱਖੋਂ ਉਸਨੂੰ ਕਾਫ਼ੀ ਸਹਿਤਕ ਖ਼ਸਾਰਾ ਝਲਣਾ ਪਿਆ ਹੈ। ''ਮੈਂ ਜੋ ਪੈਗੰਬਰ ਨਹੀਂ'' ਅਤੇ 'ਵਿਦਰੋਹੀ ਪੀੜ੍ਹੀ' ਉਸਦੇ ਦੋ ਹੋਰ ਕਾਵਿ ਸੰਗ੍ਰਿਹ ਛਪਣ ਹਿਤ, ਰੁਮਲਿਆਂ 'ਚ ਵਲ੍ਹੇਟੀ ਪੰਜ ਗ੍ਰੰਥੀ ਵਾਂਗ ਉਸਦੀ ਅਲਮਾਰੀ 'ਚ ਸਾਂਭੇ ਪਏ ਹਨ।

ਅਜਾਇਬ ਕਮਲ ਸਾਹਿਤ 'ਚ ਸਮਝੌਤਾਕਾਰ ਨਹੀਂ। ਪੰਜਾਬੀ ਕਵਿਤਾ ਨੂੰ ਸ਼ੁਧ ਵਿਦਰੋਹੀ, ਆਧੁਨਿਕ ਤੇ ਕਾਸਮਿਕ ਸੈਂਸੇਬਿਲਟੀ ਦੇਣ ਵਿਚ ਉਸਨੇ ਪਹਿਲਕਿਆਂ ਵਾਲਾ ਕੰਮ ਕੀਤਾ ਹੈ।ਆਪਣੇ ਕੁਝ ਸਮਕਾਲੀਆਂ ਵਾਂਗ ਉਸਦੇ ਸਿਰ ਰਾਤੋ ਰਾਤ ਪ੍ਰਸਿੱਧ ਹੋਣ ਜਾਂ

ਪੁਰਸਕਾਰ ਪ੍ਰਾਪਤ ਕਰਨ ਦਾ ਭੂਤ ਕਦੇ ਸਵਾਰ ਨਹੀਂ ਹੋਇਆ।ਉਹ ਅਜਿਹੀਆਂ ਟੌਪੀਕਲ ਅੰਤਰ ਰਾਸ਼ਟਰੀ ਘਟਨਾਵਾਂ ਬਾਰੇ ਨਹੀਂ ਲਿਖਦਾ ਜੋ ਦੂਜੇ ਦਿਨ ਪੁਰਾਣੀਆਂ ਤੇ ਬੇਹੀਆਂ ਜਾਪਣ। ਕਵਿਤਾ ਕਹਿਣਾ ਉਸਦਾ ਪੇਸ਼ਾ ਨਹੀਂ –ਆਤਮਾ ਭੁੱਖ ਹੈ, ਸ਼ੁਗਲ ਨਹੀਂ, ਮਜਬੂਰੀ ਹੈ। ਉਸਦੀ ਕਵਿਤਾ ਤਪਦੀ ਦਘਦੀ ਸਲਾਖ਼ ਵਾਂਗ ਹੈ ਜਿਸ ਚੋਂ ਨਿਕਲੇ ਚੰਗਿਆਂੜੇ ਹਰ ਪਰਕਾਰ ਦੀਆਂ ਬੱਜਰ ਤੇ ਫ਼ਰਸੂਦਾ ਹੋ ਚੁੱਕੀਆਂ ਕੀਮਤਾਂ ਨੂੰ ਸਾੜਨ ਦੀ ਸਲਾਹੀਅਤ ਰਖਦੇ ਨੇ। ਹੱਥਲੀ ਟ੍ਰਾਈਆਲੋਜੀ– ‘ਵਰਤਮਾਨ ਤੁਰਿਆ ਹੈ’ ਉਸ ਦੀਆਂ ਆਪਣੀ ਕਿਸਮ ਦੀਆਂ ਤਿੰਨ ਲੰਮੀਆਂ ਕਵਿਤਾਵਾਂ ਦਾ ਸੰਗ੍ਰਿਹ ਹੈ ਤੇ ਉਸ ਦੀ ਕਾਵਿ–ਪ੍ਰਤਿਭਾ ਦਾ ਨਮੂਨਾ ਹੈ ।

{ਪ.ਨ.}

‘